# ਮੇਰੇ ਹਿੱਸੇ ਦੇ ਵਰਕੇ

**ਲੇਖਕ ਦੀਆਂ ਹੋਰ ਰਚਨਾਵਾਂ :**

1. ਭੁੱਖ (ਕਾਵਿ ਸੰਗ੍ਰਹਿ) 1970
2. ਅਗਨ ਪੰਖੇਰੂ (ਕਾਵਿ ਸੰਗ੍ਰਹਿ) 1975
3. ਮਸਤਕ ਅੰਦਰ ਸੂਰਜ (ਕਾਵਿ ਸੰਗ੍ਰਹਿ) 1982
4. ਐਨਟੀਨੇ 'ਤੇ ਬੈਠੀ ਸੋਨਚਿੜੀ (ਕਾਵਿ ਸੰਗ੍ਰਹਿ) 1999
5. ਸੁਕਰਾਤ ਨੂੰ ਮਿਲਣ ਜਾਣੈ (ਕਾਵਿ ਸੰਗ੍ਰਹਿ) 2006
6. ਭੂਮਿਕਾ ਤੋਂ ਬਗੈਰ (ਕਾਵਿ ਸੰਗ੍ਰਹਿ) 2007

**ਪੁਰਸਕਾਰ :**

- ਭਾਸ਼ਾ ਵਿਭਾਗ, ਹਰਿਆਣਾ
- ਸਾਹਿਤ ਅਕਾਦਮੀ, ਹਰਿਆਣਾ
- ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
- ਮਹਾਂਕਵੀ ਭਾਈ ਸੰਤੋਖ ਸਿੰਘ ਪੁਰਸਕਾਰ
  (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ)

# ਮੇਰੇ ਹਿੱਸੇ ਦੇ ਵਰਕੇ

**ਹਰਿਭਜਨ ਸਿੰਘ ਰੈਣੂ**

# Mere Hisse De Varke

*(Collection of Poems)*

**Haribhajan Singh Renu**
Gali Farianwali, Bhadra Bazaar
SIRSA-125055 (Haryana)
Ph. 01666-226543
Mob. 094660-70930

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011, Author*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਕਦੇ ਨਾ ਮੁੱਕਣ ਵਾਲੇ ਸਫ਼ਰ 'ਤੇ
ਤੁਰਨ ਵਾਲੇ
ਆਪਣੇ ਪੂਰਵਜਾਂ ਅਤੇ ਸਮਕਾਲੀਆਂ
ਦੇ ਨਾਂ
ਜਿਨ੍ਹਾਂ ਨਾਲ ਸੰਵਾਦ ਤੁਰਦਾ ਰਿਹਾ

# ਤਤਕਰਾ


| ਨੰਬਰ | ਕੀ | ਕਿੱਥੇ |
|---|---|---|
| 1. | ਤੇਰਾ ਮੇਰਾ ਸੂਰਜ | 7 |
| 2. | ਸਫ਼ਰ ਨਹੀਂ ਮੁੱਕਦਾ | 9 |
| 3. | ਚੰਨ | 11 |
| 4. | ਨਿਤਨੇਮ | 12 |
| 5. | ਲਿਖੇ ਜਾਣ ਤੋਂ ਪਹਿਲਾਂ | 13 |
| 6. | ਬਨਵਾਸ | 15 |
| 7. | ਮੇਹਣਾ | 16 |
| 8. | ਤੁਹਾਨੂੰ ਹੱਕ ਹੈ | 17 |
| 9. | ਉਦਾਸ ਗੀਤ | 19 |
| 10. | ਉਹ ਕਿੱਥੇ ਹੈ ? | 20 |
| 11. | ਕੌਣ ਜਾਣੇ | 22 |
| 12. | ਸ਼ਬਦ | 24 |
| 13. | ਗ੍ਰਹਿਣ | 25 |
| 14. | ਉਹ | 28 |
| 15. | ਰਾਤ ਬਨਾਮ ਸੂਰਜ | 30 |
| 16. | ਨਚਿਕੇਤਾ ਦਾ ਸੱਚ | 31 |
| 17. | ਤਲਾਸ਼ | 35 |
| 18. | ਘਰ ਨਹੀਂ ਪੁੱਜਾ | 36 |
| 19. | ਪੌੜੀ | 38 |
| 20. | ਯਾਦ | 39 |

| | | |
|---|---|---|
| 21. | ਅਥ/ਇਤਿ | 40 |
| 22. | ਭਗੌੜਾ ਨਹੀਂ | 42 |
| 23. | ਪਾਸ਼ ਬਨਾਮ ਮੈਂ | 43 |
| 24. | ਇਕ ਹੋਰ ਕਰਾਂਤੀ ਗੀਤ | 45 |
| 25. | ਮੈਂ ਤੇ ਜ਼ਿੰਦਗੀ | 47 |
| 26. | ਰਸਮਾਂ | 48 |
| 27. | ਉਗਾਲਦਾਨ | 49 |
| 28. | ਅਹਿਸਾਸ | 51 |
| 29. | ਸਿਰਜਣਾ | 52 |
| 30. | ਗੱਲਾਂ ਮੁੱਕ ਗਈਆਂ | 53 |
| 31. | ਮੈਂ ਤੇ ਸਮੁੰਦਰ | 56 |
| 32. | ਮੈਂ ਤੇ ਗਲੋਬ | 57 |
| 33. | ਕਹਿ ਗਿਆ ਸਾਂ | 60 |
| 34. | ਸੰਵੇਦਨਹੀਣਤਾ | 62 |
| 35. | ਸਵੈ ਭਰਮ | 63 |
| 36. | ਪਹਾੜ ਤੇ ਪੌੜੀਆਂ | 65 |
| 37. | ਬਣਨਾ ਸੂਰਜ ਦਾ | 67 |
| 38. | ਜਾਗ ਜਵਾਲਾਮੁਖੀ | 69 |
| 39. | ਜੀਵਨ ਤੋਰ | 71 |
| 40. | ਮਿਲੇਂ ਤਾਂ ਦੱਸੀਂ | 72 |
| 41. | ਖ਼ਤ | 74 |

## ਤੇਰਾ ਮੇਰਾ ਸੂਰਜ

ਆਹ ਲੈ!
ਸੂਰਜ ਭੰਨਕੇ
ਦੋ ਟੋਟੇ ਕਰ ਦੇਨਾਂ।

ਅੱਧਾ ਤੇਰਾ
ਅੱਧਾ ਮੇਰਾ

ਭੋਰ-ਚੂਰ ਤਾਂ
ਐਵੇਂ ਦਾ ਹੁੰਦੈ
ਹੱਥੋਂ-ਪੱਤਲੋਂ ਕਿਰ ਗਈ
ਜੂਠਨ ਹੁੰਦੈ।
ਜਗਦਾ-ਬੁਝਦਾ ਬੁਝ ਜਾਏਗਾ
ਆਪੇ ਕਿਧਰੇ ਰੁਲ ਜਾਏਗਾ

ਤੂੰ ਆਪਣਾ ਸੂਰਜ
ਮਰਤਬਾਨ 'ਚ ਪਾ ਕੇ
ਖ਼ੂਬ ਸਜਾਕੇ
ਚੌਂਕ 'ਚ ਜਾ ਕੇ
ਮਜਮਾ ਲਾਕੇ
ਨੀਲਾਮ ਕਰੇਂਗਾ

ਅਗਨ-ਵਿਉਪਾਰੀ
ਲਾ ਉੱਚੀ ਬੋਲੀ
ਲੈ ਜਾਣਗੇ
ਇਸ ਦੀਆਂ ਲਾਟਾਂ ਅਗਨ-ਅਸਤ੍ਰ ਸ਼ਸਤਰ
ਥਾਂ ਥਾਂ ਬਰਸਾਵਣਗੇ
ਜਿੱਤ ਦੇ ਜਸ਼ਨ ਮਨਾਵਣਗੇ

ਤੂੰ ਆਪਣੇ ਹੱਥੀਂ
ਆਪਣਾ ਸੂਰਜ
ਨ੍ਹੇਰ ਦੀ ਕਬਰੇ ਦਫ਼ਨਾ ਆਏਂਗਾ
ਚੰਦਰਾ ਚੰਨ ਚੜ੍ਹਾ ਆਏਂਗਾ
ਮੈਂ ਤਾਂ ਇਸ ਨੂੰ
ਤਲੀ 'ਤੇ ਧਰਕੇ
ਘਰ ਘਰ ਜਾਣੈ
ਚਾਨਣ ਵਰਤਾਣੈ

ਪਰ
ਅੱਧਾ ਤਾਂ ਹੋਵੇ ਅੱਧ -ਅਧੂਰਾ
ਆ ਇਸਨੂੰ ਰੱਖੀਏ ਪੂਰਾ ਸੂਰਾ
ਇਸ ਦੀਆਂ ਵੰਡੀਆਂ ਨਹੀਂ
ਸੁੱਖਾਂ-ਖ਼ੈਰਾਂ ਮੰਗੀਏ
ਚਾਨਣ ਦੇ ਰੰਗ
ਹਰ ਕੁਝ ਰੰਗੀਏ

ਭੋਰ ਚੂਰ ਦਾ
ਫ਼ਿਕਰ ਵੀ ਕਰੀਏ

ਨਹੀਂ! ਅਸਾਂ ਨਹੀਂ !!
ਟੋਟੇ ਵੰਡਣਾ
ਸੂਰਜ ਭੰਨਣਾ।
****

## ਸਫ਼ਰ ਨਹੀਂ ਮੁੱਕਦਾ

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸਦਾ
ਕਿਤੇ ਕਿਤੇ ਪੜਾਅ ਤਾਂ ਹੁੰਦਾ ਹੈ
ਮੰਜ਼ਿਲ ਨਹੀਂ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸ ਵਿੱਚ ਤਲਾਸ਼ ਤੁਰਦੀ ਹੈ
ਪ੍ਰਾਪਤੀ ਦਾ ਖ਼ੁਮਾਰ ਨਹੀਂ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸ 'ਤੇ ਪਹਿਲਾ ਪੈਰ ਪੁੱਟਿਆਂ
ਮੱਥਾ ਵੱਜਦਾ ਹੈ
ਪਹਾੜ ਨਾਲ
ਫੇਰ ਰਾਹ ਕਰਨਾ ਪੈਂਦੈ ਆਪਣੇ ਆਪ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸਦਾ ਜਮ੍ਹਾਂ-ਬਾਕੀ ਦਾ ਹਿਸਾਬ
ਮੀਲ-ਪੱਥਰ ਨਹੀਂ ਦੱਸਦੇ
ਉਹ ਤਾਂ
ਹਰ ਨਵੀਂ ਠੋਕਰ ਤੋਂ ਬਾਅਦ
ਹੁੰਦਾ ਹੈ ਆਰੰਭ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸ ਲਈ ਚੰਨ ਸੂਰਜ
ਸਰਘੀ ਸਵੇਰ
ਪੱਤਝੜ ਬਹਾਰ
ਕੋਈ ਨਹੀਂ ਹੁੰਦਾ ਮਦਦਗਾਰ

ਸਮਾਂ ਖਲੋ ਜਾਂਦਾ ਹੈ
ਤਮਾਸ਼ਬੀਨਾਂ ਦੀ ਤਰ੍ਹਾਂ
ਵੇਖਣ ਲਈ
ਰਾਹੀਆਂ 'ਤੇ ਪਾਏ
ਆਪਣੇ ਨਿਸ਼ਾਨ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਜਿਸ ਵਿੱਚ
ਬੱਚਿਆਂ, ਔਰਤਾਂ, ਜਵਾਨਾਂ, ਬਿਰਧਾਂ ਦੀ
ਭੀੜ
ਫੁੱਲ ਗੁਲਦਸਤੇ ਲੈ ਕੇ ਨਹੀਂ ਮਿਲਦੀ
ਕਰਦੀ ਜੈ-ਜੈਕਾਰ
ਮਿਲਦੀ ਹੈ
ਸੂਲੀ ਦੀ ਨੋਕ 'ਤੇ
ਗੂੰਜਦੀ
ਸੰਘੀ 'ਚ ਘੁੱਟੀ ਚੀਕ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਪਰ ਮੁਸਾਫ਼ਰ
ਫੇਰ ਵੀ ਤੁਰੇ ਰਹਿੰਦੇ
ਆਪ ਮੁੱਕ ਮੁੱਕ
ਉਸਨੂੰ ਮੁਕਾਉਣ ਖਾਤਰ।

ਉਹ ਸਫ਼ਰ ਕਦੇ ਨਹੀਂ ਮੁੱਕਦਾ
ਉਹ ਸਫ਼ਰ ਕਦੇ ਨਹੀਂ ਮੁੱਕਣਾ
ਜਿਸ ਵਿੱਚ ਕੋਈ ਸੁਫ਼ਨਾ
ਕਰਨਾ ਹੋਵੇ ਸਾਕਾਰ।
****

## ਚੰਨ

ਸਾਉਣ ਦੀ ਅੱਧੀ ਰਾਤੇ
ਉਡੀਕਾਂ ਬਾਅਦ
ਚੰਨ
ਹੁਣ ਚੜ੍ਹਿਆ ਹੈ

ਜਿਉਂ
ਕੁਦਰਤ-ਰਾਣੀ
ਸੁਕਣੇ ਪਾ ਦਿੱਤਾ ਹੋਵੇ
ਗਿੱਲਾ ਰੁਮਾਲ
ਰਿਸ਼ਮਾਂ ਦੀ ਲਾਂ ਉੱਤੇ
ਅੱਧ ਅਸਮਾਨੇ

ਮੈਂ
ਲਈ ਫਿਰਨਾਂ
ਤੇਰੀ ਯਾਦ ਦਾ ਗਿੱਲਾ ਰੁਮਾਲ

ਮੈਂ
ਇਸਨੂੰ ਕਿੱਥੇ ਸੁਕਾਵਾਂ ?

ਸਮੇਂ ਨੇ
ਆਪਣੀ ਛੱਤ 'ਤੇ
ਕੋਈ ਕਿੱਲੀ, ਕੋਈ ਲਾਂ
ਲਾਈ ਨਹੀਂ, ਪਾਈ ਨਹੀਂ

ਚੰਨ
ਹੁਣ ਚੜ੍ਹਿਆ ਹੈ।
****

## ਨਿਤਨੇਮ

ਸਵੇਰੇ
ਨਿਕਲਦੇ ਹਾਂ
ਤਰਲੇ ਦੀ ਝੋਲੀ ਲੈ ਕੇ
ਢਿੱਡ ਦਾ ਛੱਜ ਵਜਾਉਂਦੇ
ਉੱਚੀਆਂ ਅਟਾਰੀਆਂ
ਪਰ-ਉਪਕਾਰੀਆਂ ਦੇ ਸ਼ਹਿਰ ਵਿੱਚ।

ਦੁਪਹਿਰੇ
ਜ਼ੋਰਾਵਰ ਵਾਵਰੋਲੇ
ਨਚਾਉਂਦੇ, ਟਪਾਉਂਦੇ, ਉਡਾਉਂਦੇ ਨੇ
ਨਾਲ ਨਾਲ ਸਿਰ ਭਾਰ

ਤਰਕਾਲੀਂ
ਪਰਤਦੇ ਹਾਂ
ਅਹਿਸਾਨਾਂ ਦੀ
ਮਣਾਂ ਮੂੰਹੀਂ ਛੱਟ ਲੱਦੇ
ਟੁੱਟੇ-ਭੱਜੇ।

ਰਾਤ
ਅੱਖੀਆਂ 'ਚ ਖੁਰਦੀ ਹੈ
ਘੁਲਦੀ ਹੈ, ਰੜਕਦੀ ਹੈ
ਲਾਲਗੀ ਬਣਕੇ,
ਸਵੇਰ ਦੀ ਉਡੀਕ ਵਿੱਚ।

ਇਹੋ ਅਸਾਡੀ ਜੂਨ।
****

## ਲਿਖੇ ਜਾਣ ਤੋਂ ਪਹਿਲਾਂ

ਕਵਿਤਾ ਤਾਂ ਹੁੰਦੀ ਹੈ,
ਕਵਿਤਾ
ਲਿਖੇ ਜਾਣ ਤੋਂ ਪਹਿਲਾਂ...।

ਕਤਰੇ ਵੇਤਰੇ ਸ਼ਬਦ ਤਾਂ ਬਣਦੇ
ਉਸਦਾ ਲਿਬਾਸ
ਜਿਸ ਤੋਂ ਹੋਵੇ ਇਹੋ ਅਹਿਸਾਸ
ਇੱਥੇ ਜਿਹੇ ਕਵਿਤਾ ਹੈ
ਬਿਰਾਜਮਾਨ।

ਅਸੀਂ
ਉਸਦੇ ਖ਼ਿਆਲ ਨਾਲ
ਆਪਣਾ ਆਪ ਸੁਰ ਕਰਦੇ ਹਾਂ
ਜਿੰਨਾਂ ਕੁ ਸੁਰ ਕਰਦੇ ਹਾਂ,
ਕਰ ਲੈਂਦੇ ਹਾਂ
ਕਵਿਤਾ ਸਾਖਿਆਤ

ਪਰ
ਦਰਦ ਦਾ ਕਦੋਂ ਹੋਇਐ!
ਮੁਕੰਮਲ ਬਿਆਨ
ਕਵਿਤਾ ਤਾਂ ਹੁੰਦੀ ਹੈ
ਹੂਕ
ਤੇ ਹੂਕ ਕਦੋਂ ਧਾਰੇ
ਸਗਵਾਂ ਸ਼ਬਦਾਕਾਰ ?

ਤੇ ਅਣਕਹੇ ਦਾ ਕੌਣ ਕਰ ਸਕੇ ?
ਅਰਥ-ਸਾਰ
ਅਨੁਵਾਦ
ਬੰਨ੍ਹ-ਬੰਨ੍ਹ
ਮਿਥਕ, ਰੂਪਕ, ਅਲੰਕਾਰ

ਕਵਿਤਾ ਤਾਂ ਹੁੰਦੀ ਹੈ
ਲਿਖੇ ਜਾਣ ਤੋਂ ਪਹਿਲਾਂ
ਤੇ ਜਿਸਨੂੰ
ਅਸੀਂ ਤੁਸੀਂ ਲਿਖਣ ਲਗਦੇ ਹਾਂ
ਵਾਰ ਵਾਰ
ਨਵੇਂ ਤਰ੍ਹਾ।
****

## ਬਨਵਾਸ

ਬਨਾਂ ਨੂੰ ਜਾਣਾ ਹੀ
ਨਹੀਂ ਹੁੰਦਾ
ਬਨਵਾਸ

ਜਦ ਵੀ
ਇੱਕਲ ਕਰਦੀ ਹੈ
ਉਦਾਸ

ਖ਼ਿਆਲਾਂ ਦੇ
ਕੁਰੰਗ ਨੱਚਦੇ ਨੇ
ਚੁੱਪ ਦੇਂਦੀ ਹੈ ਤਾਲ
ਉੱਲੂ ਚੀਕਦੇ ਨੇ
ਠੂੰਹੇ ਡੰਗਦੇ ਨੇ
ਨਾਗ ਰੀਂਗਦੇ ਨੇ
ਆਸ ਪਾਸ

ਅਸੀਂ
ਆਪਣੇ ਅੰਦਰ ਦੇ
ਜੰਗਲ ਵਿੱਚ
ਪਲਾਂ ਵਿੱਚ
ਵਰ੍ਹਿਆਂ ਦਾ
ਭੋਗ ਲੈਂਦੇ ਹਾਂ
ਬਨਵਾਸ।
****

## ਮੇਹਣਾ

ਆਥਣ
ਆਉਂਦੀ ਵੇਖ

ਕਿਧਰੇ ਉਹਲੇ
ਲੁਕ ਗਿਆ ਸੂਰਜ

ਪੈਂਦੇ ਨ੍ਹੇਰ ਦਾ
ਮੇਹਣਾ

ਰਾਤ ਨੂੰ!
****

## ਤੁਹਾਨੂੰ ਹੱਕ ਹੈ

ਤੁਹਾਨੂੰ ਹੱਕ ਹੈ
ਮੇਰੇ ਵੱਲ
ਉਂਗਲਾਂ ਦੀਆਂ ਸੰਗੀਨਾਂ ਤਾਣ
ਸੁਆਲਾਂ ਦੇ ਸੰਗਲੀਂ
ਜਕੜਣ ਦਾ

ਬੇੜੀਆਂ 'ਚ ਜੂੜਕੇ ਹੱਥ ਪੈਰ
ਲੈ ਕੇ
ਬੇਤੁਕੀ ਦਲੀਲ ਦੀ ਸਲਾਖ
ਚੋਭ ਦੇਵੋ
ਮੱਥੇ 'ਚ ਹੁੰਦਾ
ਤੀਸਰਾ ਨੇਤਰ ਰੂਪਮਾਨ

ਤੁਹਾਨੂੰ ਹੱਕ ਹੈ
ਟੁੱਕ ਕੇ ਜੀਭ
ਕੰਨਾਂ 'ਚ ਸਿੱਕਾ ਭਰਨ ਦਾ
ਸੀਨੇ 'ਚ ਪਾ ਕੇ ਹੱਥ
ਰੋਕ ਦੇਵੋ
ਦਿਲ ਦੀ ਧੜਕਣ

ਤੁਹਾਨੂੰ ਅਧਿਕਾਰ ਹੈ
ਕੱਢ ਸਕੋ
ਆਪਣੀ ਸਿਆਣਪ ਦਾ
ਜਲੂਸ
ਕਹਿਕੇ ਮੈਨੂੰ
ਬੰਦਾ ਨਾ ਬੰਦੇ ਦੀ ਜਾਤ

ਕਿਉਂਕਿ
ਮੈ ਤੇ ਖ਼ੁਦ
ਭੀੜ 'ਚੋਂ ਤਲਾਸ਼ਦਾ ਫਿਰਨਾਂ
ਬੰਦੇ ਦੀ ਜਾਤ।
****

## ਉਦਾਸ ਗੀਤ

ਝੱਗਾਂ ਸੁੱਟਦੇ ਸਮੁੰਦਰ 'ਤੇ
ਰਾਤ ਨੇ ਵਿਛਾ ਦਿੱਤਾ ਹੈ
ਸ਼ਾਮ ਦੇ ਧੁੰਦਲਕੇ ਦਾ ਜਾਲ।

ਥੱਕੇ-ਹਾਰੇ ਮਾਛੀਆਂ ਨੇ
ਸਮੇਟ ਲਏ ਨੇ
ਆਪਣੇ ਆਪਣੇ ਜਾਲ
ਵੇਖਦੇ ਨੇ ਟੋਕਰੀਆਂ 'ਚ
ਮਿਲ ਗਈ ਕੁਝ ਕੁ ਖੈਰਾਤ।

ਰਾਤ ਦੇ ਲਸ਼ਕਰ ਨੂੰ ਹੈ
ਚੰਨ-ਤਾਰਿਆਂ ਦੀ ਭਾਲ
ਭਰ ਭਰ ਖੁਰਜੀਆਂ ਲੁੱਟਣ ਮਾਲ
ਆਵਣ ਧਾੜਵੀ
ਕੀ ਕੀ ਭੇਖਾਂ ਧਾਰ।

ਮਾਛੀ ਤਾਂ ਕਰਦੇ
ਦੋ ਡੰਗ ਪੇਟ ਦਾ ਜੁਗਾੜ।

ਕੌਣ ਸਮਝੇਗਾ ?
ਉਦਾਸ ਬੰਸਰੀ ਦਾ
ਵਿਲਾਪ-ਗੀਤ
ਮਛੇਰਨਾਂ ਚੁੰਗੀਆਂ ਨਹੀਂ ਭਰਦੀਆਂ
ਹਵਾ ਕੰਬਦੀ ਡੋਲਦੀ ਹੈ
ਪਰਿੰਦਿਆਂ ਨੂੰ ਟਿਕਾਣਿਆਂ ਦਾ
ਫ਼ਿਕਰ ਹੈ
ਬੋਟ ਹੋਣਗੇ ਕਿਸ ਹਾਲ ?
ਸੂਰਜ ਡੁੱਬਣ ਵਾਲਾ ਹੈ।
****

## ਉਹ ਕਿੱਥੇ ਹੈ ?

ਹੁਣ ਕਦੇ
ਉਹ ਨਜ਼ਰ ਨਹੀਂ ਆਉਂਦਾ
ਜੋ ਸਵਾਲਾਂ 'ਚੋਂ
ਤਲਾਸ਼ਦਾ ਸੀ
ਜ਼ਿੰਦਗੀ ਦੇ ਅਰਥ।

ਤੇ ਆਖਦਾ ਸੀ
'ਮੈਨੂੰ ਨਾ ਦੱਸੋ'

'ਤੁਹਾਡੇ
ਆਪਣੇ ਆਪਣੇ ਗ੍ਰੰਥ
ਮਹਾਂ ਪੁਰਖ
ਕੀ ਫ਼ਰਮਾਉਂਦੇ ਨੇ
ਕਿਸੇ ਅਦਿੱਖ ਬਾਰੇ'

'ਮੈਂ ਤੇ
ਜਾਣਨਾ, ਸਮਝਣਾ,
ਵੇਖਣਾ ਚਾਹੁੰਦਾਂ'

'ਤੁਸਾਂ ਕੀ ਕੀਤਾ ਹੈ ?
ਮਨੁੱਖਤਾ ਲਈ
ਉਹਨਾਂ ਤੋਂ ਬਾਹਰ ਆ ਕੇ'

ਜਿਸਦਾ ਹਰ ਸਵਾਲ ਸੀ,
ਇਕ ਜਵਾਬ
ਤੇ ਹਰ ਜਵਾਬ ਸੀ,
ਇਕ ਜਗਦੀ ਲਾਟ

ਕੀ ਤੁਹਾਨੂੰ
ਉਸ ਲਟਬੌਰੇ ਦਾ
ਅਤਾ ਪਤਾ ਹੈ ?

ਜਿਸ ਦੀ ਹਵਾਵਾਂ 'ਚ
ਗੂੰਜਦੀ ਹੈ ਆਵਾਜ਼
ਤੇ ਜੋ ਹੁਣ ਕਿਤੇ
ਨਜ਼ਰ ਨਹੀਂ ਆਉਂਦਾ।
****

## ਕੌਣ ਜਾਣੇ

ਕਿਸ ਨੇ ਕਿਹਾ ਸੀ
ਬੜੀਆਂ ਪਵਿੱਤਰ ਨੇ
ਰਿਸ਼ਤਿਆਂ ਦੀਆਂ ਤੰਦਾਂ
ਇਹ ਜੋੜਦੀਆਂ ਨੇ
ਇਕ ਦੂਸਰੇ ਨੂੰ
ਇਕ ਦੂਸਰੇ ਦੇ ਨਾਲ

ਰਿਸ਼ਤੇ ਬਣਦੇ ਨੇ
ਕਦੇ ਬਾਹਾਂ, ਕਦੇ ਹੌਸਲਾ
ਕਦੇ ਧਿਰ
ਕਦੇ ਬਣਦੇ ਨੇ ਚਾਅ ਉਮਾਹ
ਕਦੇ ਹੰਝੂਆਂ ਦੀ ਧਾਰ

ਰਿਸ਼ਤੇ ਦਾ
ਕੋਈ ਵੀ
ਰੱਖਿਆ ਜਾ ਸਕਦਾ ਹੈ
ਨਾਂ
ਦੁੱਧ ਦਾ, ਖ਼ੂਨ ਦਾ, ਦੋਸਤੀ ਦਾ
ਮਿੱਟੀ ਦਾ ਜਾਂ ਦਰਦ ਦਾ

ਹੁਣ ਤੇ
ਇਹ ਤੰਦਾਂ
ਜੋੜਦੀਆਂ ਨਹੀਂ
ਤੋੜਦੀਆਂ ਹਨ
ਥੋੜ੍ਹਾ ਬਾਹਰੋਂ
ਬਹੁਤਾ ਅੰਦਰੋਂ

ਇਹਨਾਂ ਦੀ ਮਜਬੂਤ ਗੰਢ
ਦਿਲਾਂ 'ਚ ਨਹੀਂ
ਗਲਾਂ 'ਚ ਪਈ ਲੱਗਦੀ

ਜੋ ਪਲ ਪਲ
ਘੁੱਟਦੀ ਹੈ ਸਾਹ
ਜਿਸਨੂੰ ਹਰ ਕੋਈ ਚਾਹਵੇ
ਤੋੜਨਾ

ਕੌਣ ਜਾਣੇ
ਤੰਦਾਂ ਟੁੱਟਣ ਨਾਲ
ਟੁੱਟਦਾ ਹੈ ਕਿੰਨਾ ਕੁਝ
ਵਲੂੰਧਰੀਆਂ ਜਾਂਦੀਆਂ ਨੇ
ਆਂਦਰਾਂ/ਉੱਜੜ ਜਾਂਦਾ ਹੈ ਮੋਹ ਦਾ ਸੰਸਾਰ

ਤੇ ਅੰਦਰ
ਜੋ ਨਿਜ ਹੈ
ਟੁੱਟਦਾ ਹੈ ਵਾਰ ਵਾਰ
ਬਾਹਰ ਜੋ ਵਖਾਲਾ ਹੈ
ਉਸੇ ਦੀ ਸਲਾਮਤੀ ਵਾਸਤੇ।
****

## ਸ਼ਬਦ

ਜੇ
ਸ਼ਬਦ ਦੀ
ਪਰਿਭਾਸ਼ਾ

ਸ਼ਬਦਾਂ ਨਾਲ
ਹੋ ਗਈ ਹੁੰਦੀ

ਤਾਂ
ਹੋਰ ਸ਼ਬਦ ਘੜਣ ਦੀ
ਲੋੜ ਨਾ ਪੈਂਦੀ।
****

## ਗ੍ਰਹਿਣ

ਸੂਰਜ ਨੂੰ
ਅੱਜ ਗ੍ਰਹਿਣ ਲੱਗਾ,
ਸਾਰਾ ਜਗਤ ਹੈ ਸੂਤਕਿਆ।

ਭਿੱਟ ਭਿੱਟ
ਘਰ ਘਰ ਜਾਕੇ
ਪੁੰਨ-ਦਾਨ ਦੀ 'ਵਾਜ ਲਗਾਵੇ
ਜਿਹੜਾ ਉਸਦੀ ਭਿੱਟ ਮਣਸਾਵੇ
ਨਾ ਕੋਈ ਸਖੀਆ ਨਿਤਰਿਆ।

ਸਭੋ ਪੰਛੀ
ਆਲ੍ਹਣੀਂ ਵੜ ਗਏ
'ਵਾ, ਰੁੱਖ-ਪੱਤਰ ਚੁੱਪ ਖੜ੍ਹੇ ਨੇ
ਸੱਜਰੀ ਧੁੱਪ
ਵਿਦੇਸੀਂ ਤੁਰ ਗਈ
ਧੁੰਦਲਕੇ ਦਾ ਪਹਿਰਾ ਲੱਗਾ
ਦਿਨ ਦਾ ਮੂੰਹ ਹੈ ਜ਼ਰਦਿਆ।

ਰਾਖਸ਼ਾਂ ਕੋਲੋਂ
ਸੂਰਜ ਛਡਵਾਉਣੈ
ਸ਼ਰਧਾਵਾਨ
ਸਰਵਰ ਸਰਵਰ ਚੁੱਭੀਆਂ ਲਾਉਂਦੇ
ਪਾਪ ਧੋਂਦੇ ਤੇ ਬਖਸ਼ਾਉਂਦੇ
ਮੰਤਰ-ਸਿੱਧੀਆਂ ਕਰਨ ਮਾਂਦਰੀ
ਆਖਣ, "ਅਸਾਂ ਤਵੀਤਾਂ ਅੰਦਰ
ਹਰ ਪ੍ਰੇਤ-ਦੇਵਤਾ ਕੀਲ ਲਿਆ।"

ਪਾਧਾਂ ਆਖੇ,
"ਰਾਹੂ ਕੇਤੂ ਨਾਲ ਗ੍ਰਹਿਆਂ ਦਾ
ਕਾਲ-ਸਰਪ ਯੋਗ ਪਿਆ ਹੈ

ਭੁਚਾਲ ਸੁਨਾਮੀ ਔੜਾਂ
ਗੜੇਮਾਰ ਬਸ ਆਈ ਜਾਣੇ
ਹੁਣ ਤੇ ਪਰਲੋ ਹੋ ਕੇ ਰਹਿਣੀ
ਪੱਤਰਾ ਸਾਡਾ ਬੋਲ ਰਿਹਾ।"

ਭੂ-ਕਾਲ ਵਿਗਿਆਨੀ
ਆਰਯਭੱਟ ਦੀ ਉਂਗਲ ਫੜ੍ਹਕੇ
ਸੌਰ ਮੰਡਲ ਦੀ ਚਾਲ ਵੇਖਦੇ
ਹਰ ਹੋਣੀ ਦੀ ਨਬਜ਼ ਪਰਖਦੇ
ਹਰ ਗ੍ਰਹਿ
ਆਪਣੀ ਆਪਣੀ ਬੋਲੀ ਅੰਦਰ
ਆਪਣੀ ਕਥਾ ਹੈ ਫੋਲ ਰਿਹਾ।

ਕਾਇਨਾਤ
ਬਿਮਾਰ ਪਈ ਹੈ
ਭਸਮ-ਬੂਟੀਆਂ ਕੰਮ ਨਾ ਆਵਨ
ਵੈਦ-ਹਕੀਮ ਲਾਚਾਰ ਪਏ ਨੇ
ਜੀਣ-ਮਰਨ ਦੀ
ਘੜੀ ਹੈ ਸਿਰ 'ਤੇ
ਫ਼ੁਰਨਾ ਕੋਈ ਨਾ ਫ਼ੁਰ ਰਿਹਾ।

ਅਜੇ ਗ੍ਰਹਿਣ ਦਾ
ਪਹਿਲਾ ਪਹਿਰ ਹੈ
ਫੇਰ ਕੀ ਕੋਈ ਚਾਰਾ ਚੱਲਣਾ
ਜੇ ਮਕਰਧਾਰੀਆਂ ਰੂਪ ਵਟਾਕੇ
ਸੂਰਜ ਸਾਰਾ ਹੜਪ ਲਿਆ ?

ਸੂਰਜ ਨੂੰ
ਅੱਜ ਗ੍ਰਹਿਣ ਲੱਗਾ
ਸਾਰਾ ਜਗਤ ਹੈ ਸੂਤਕਿਆ।
****

## ਉਹ

ਉਹ ਜੋ
ਵਿਰਾਨਿਆਂ 'ਚ ਗਾਉਂਦਾ
ਚਹਿਚਹਾਉਂਦਾ
ਹਨੇਰਿਆਂ 'ਚ
ਦੇਹ 'ਚੋਂ ਨਿਕਲਦੀਆਂ ਚਿਣਗਾਂ ਛੰਡਦਾ
ਰਾਹ ਦਾ ਹਰ ਪੱਥਰ
ਜਿਸਦੀਆਂ ਪੈਰ-ਤਲੀਆਂ ਦੀ
ਰੱਖਦਾ ਸੀ ਪਛਾਣ
ਜੰਗਲ ਦੀ ਹਰ ਸੂਲ
ਜਿਸ ਦੀ ਛੋਹ ਨਾਲ
ਲਗਦੀ ਸੀ ਲਜਿਆਉਣ
ਲਾਜਵੰਤੀ ਦੀ ਤਰ੍ਹਾਂ।

ਉਹ ਜੋ
ਖਾਮੋਸ਼ ਸਮਿਆਂ ਵਿੱਚ ਗਰਜਦਾ
ਲਹਿਰ ਲਹਿਰ, ਛੱਲ ਛੱਲ ਬਣਕੇ
ਬਿਖਰ ਜਾਂਦਾ ਰਿਹਾ
ਕੰਢਿਆ ਤੋਂ ਬਾਹਰ
ਦੂਰ ਦੂਰ ਵਿਛੇ ਬਰੇਤਿਆਂ ਉੱਤੇ,
ਤਾਂ ਜੋ ਥਾਂ ਥਾਂ
ਉੱਗ ਸਕਣ, ਪਲ ਸਕਣ
ਖੁਸ਼ਬੂਦਾਰ ਚਾਨਣ-ਪੌਦੇ।

ਨਿਤ ਨਵੀਆਂ ਧੂਣੀਆਂ ਧੁਖਾਉਂਦਾ
ਤੇ ਛੱਡਕੇ ਤੁਰ ਪੈਂਦਾ
ਨਵੇਂ ਪਾਂਧੀਆਂ ਲਈ ਮਘਦੇ ਅਲਾਵ।

ਸੂਰਜ ਦੀ ਕਿਰਨ
ਚੰਨ ਦੀ ਰਿਸ਼ਮ
ਤੁਰਦੀ ਰਹੀ ਜਿਸਦੇ ਅੰਗ-ਸੰਗ

ਜ਼ਿੰਦਗੀ ਹੱਸਦੀ ਸੀ
ਜਿਸਦੇ ਚਿਹਰੇ 'ਤੇ
ਸੁਰਖ਼ ਗੁਲਾਲ ਦੀ ਤਰ੍ਹਾਂ

ਉਹ ਜੋ
ਬਿਜਲੀਆਂ ਦੀਆਂ
ਬੇੜੀਆਂ-ਜੰਜੀਰਾਂ ਤੋੜ
ਗਲ 'ਚ ਪਾ ਲੈਂਦਾ ਪੁਸ਼ਪ-ਹਾਰ ਦੀ ਤਰ੍ਹਾਂ।
ਜਿਸ ਦੇ ਹੱਥ 'ਤੇ ਹੋਣੀ
ਹੱਥ ਮਾਰਨ ਤੋਂ ਡਰਦੀ
ਜਿਸ ਵੱਲ ਸੈਨਤਾਂ ਕਰ ਕਰ
ਜਿੱਤ ਦੱਸਦੀ ਸੀ
ਆਪਣੀ ਪਛਾਣ।

ਕਿਵੇਂ!
ਕਿਸੇ ਬਾਲ-ਛਣਕਣੇ ਵੱਲ
ਵੇਖੀ ਜਾਂਦਾ ਹੈ,
ਚੁੱਪ-ਚਾਪ ਇਕਸਾਰ
ਸੁਣਨ ਲਈ
ਉਸਦੀ ਛਣਕਾਰ।
****

## ਰਾਤ ਬਨਾਮ ਸੂਰਜ

ਸਾਰੀ ਰਾਤ
ਬਿਨਾਂ ਥੱਕੇ, ਬਿਨਾਂ ਅਲਸਾਏ,

ਕੰਮੀ-ਰਾਤ
ਚੰਨ ਦੀ ਟੋਕਰੀ ਢੋਅ ਢੋਅ
ਨ੍ਹੇਰਾ ਬਾਹਰ ਸੁੱਟਦੀ ਰਹੀ
ਭੱਜਦੀ-ਟੁੱਟਦੀ ਰਹੀ
ਆਲਾ ਦੁਆਲਾ
ਜੱਗ ਪਸਾਰਾ
ਨਿਖਰਿਆ ਚਮਕਿਆ

ਤਾਂ
ਦਿਨ ਦੇ ਕਾਗ਼ਜ 'ਤੇ
ਸੂਰਜ
ਆਪਣਾ ਨਾਂ ਲਿਖ ਲਿਆ।

ਲਾਚਾਰ ਮਜੂਰਨ
ਡੁੱਬ ਮੋਈ
ਚਾਨਣ ਦੇ ਦਰਿਆ

ਕਿਸੇ ਹਉਕਾ ਨਾ ਭਰਿਆ।
****

## ਨਚਿਕੇਤਾ ਦਾ ਸੱਚ

ਮੈਂ ਤ੍ਰਿਸ਼ੰਕੂ ਬਣਿਆ
ਖ਼ਿਆਲਾਂ ਦੇ ਅਧਰ 'ਚ ਲਟਕਿਆ
ਕਰ ਰਿਹਾ ਸਾਂ
ਨਚਿਕੇਤਾ ਦੀ ਤਲਾਸ਼...

ਸੁਣਿਆ ਸੀ
ਜੋ ਬੇਝਿਜਕ ਪਰਲੋਕ ਗਿਆ
ਯਮਰਾਜ ਦੇ ਨਿਵਾਸ
ਤੇ ਕਰਕੇ ਪ੍ਰਸ਼ਨ-ਉੱਤਰ
ਪਰਤ ਆਇਆ
ਕੱਟਕੇ ਕੁਝ ਦਿਨਾਂ ਦਾ ਪਰਵਾਸ
ਜਾਣਕੇ
ਬ੍ਰਹਮ, ਆਤਮਾ ਦਾ ਪ੍ਰਕਾਸ਼।

ਢੂੰਡਤ ਢੂੰਡਤ ਢੂੰਡਿਆ
ਗੱਲ ਤੁਰੀ
ਤਾਂ
ਨਚਿਕੇਤਾ ਨੇ ਕਿਹਾ,

"ਮੈਂ ਗੌਤਮਵੰਸ਼ੀ
ਆਗਿਆਕਾਰੀ ਪੁੱਤਰ
ਆਪਣੇ ਰਿਸ਼ੀ ਮਹਾਂਦਾਨੀ
ਸ੍ਰੀ ਪਿਤਾ ਨਾਲ
ਕਿੰਜ ਕਰ ਸਕਦਾ ਸਾਂ ਸਵਾਲ
ਮੇਰੀ ਕੀ ਸੀ
ਸਮਰੱਥਾ ਤੇ ਗਿਆਨ ?"

"ਹੇ ਪਿਤਾ!
ਨਿਰਬਲ ਬੇਧਾਰੂ ਗਾਈਆਂ ਦਾ ਦਾਨ
ਕਿੰਜ ਹੋਵੇਗਾ ਦਿਓਤਿਆਂ ਨੂੰ ਪਰਵਾਨ ?

ਜਿਸਨੂੰ ਵੀ ਚਾਹੋ
ਮੈਨੂੰ ਹੀ ਦੇਕੇ
ਸੰਪੂਰਨ ਕਰੋ
ਸਰਵਸਵਦਾਨ-ਯਗ ਮਹਾਨ ?"

"ਤੇ ਉਹ ਕੌਣ ਪਿਤਾ ?
ਜੋ
ਆਪਣੇ ਹੀ ਜੱਸ-ਪੁੰਨ-ਮਾਨ ਲਈ
ਕੋਈ ਸਵਰਗ ਪਾਉਣ ਲਈ
ਸੌਂਪ-ਹੋਮ ਦੇਵੇ ਜਮ ਨੂੰ
ਆਪਣੀ ਹੀ ਸੰਤਾਨ ?"

ਮੈਂ ਤੇ ਕਿਹਾ ਸੀ,
"ਧਰਤੀ 'ਤੇ ਜੀਵਨ ਨਿਰੰਤਰ ਚੱਲਦਾ
ਜਿਉਂ ਫ਼ਸਲ ਪੈਦਾ ਹੋਵੇ
ਪੱਕ ਕੇ ਕੱਟੀ ਜਾਵੇ
ਤੇ ਨਵੀਂ ਹੋਰ ਉੱਗ ਆਵੇ,
ਕੋਈ ਨਹੀਂ ਜਾਣਦਾ
ਇਹ ਕਦੋਂ ਤੋਂ ਜਾਰੀ ਹੈ।"

ਹੋਰਾਂ ਨੇ ਸੋਚਿਆ,
"ਅਸੀਂ ਤੇ ਕਹੀਏ
ਜੀਵ
ਮੁੜ-ਮੁੜ ਜੂਨਾਂ 'ਚ ਆਵੇ
ਕੀਤੇ ਕਰਮਾਂ ਦਾ ਫਲ ਹੰਡਾਵੇ
ਜੋ ਚਾਹੇ
ਸਾਥੋਂ ਮੁਕਤੀ ਪਾਵੇ।"

"ਇਹ ਨਹੀਂ ਮੰਨਦਾ
ਸਾਡੇ ਤੇ ਨਿਰਾਕਾਰ ਦਾ ਵੀ
ਹੁੰਦਾ ਹੈ ਆਕਾਰ
ਭਾਵੇਂ

ਅੰਗੂਠੇ-ਬਿੰਦੂ-ਜੋਤ ਮਾਤਰ ਹੀ ਸਹੀ
ਸਾਡਾ ਕਦੋਂ ਇਸ ਤੋਂ ਬਿਨਾਂ
ਚਲਦੈ ਸੰਸਾਰ ?"

"ਇਸ ਦਾ ਤਾਂ ਪ੍ਰੇਰਕ ਬ੍ਰਿਹਸਪਤੀ
ਜੋ ਆਖਦਾ,
ਦੇਹ-ਸ੍ਰਿਸ਼ਟੀ ਦੇ ਤੱਤ ਚਾਰ
ਜੀਵ ਜੰਮਦਾ ਮਰਦਾ ਇਕ ਵਾਰ"
ਆਓ!
ਇਸ ਤਰਕ-ਗਿਆਨੀ ਨੂੰ
ਜਿਉਂਦੇ ਜੀਅ ਘੱਲੀਏ
ਜਮ ਦੇ ਘਰ ਦਵਾਰ।"

"ਤੇ ਕਹੋ, ਪ੍ਰਚਾਰੋ,
ਲਾਲਚੀ ਤੇ ਕ੍ਰੋਧੀ ਪਿਤਾ ਦਾ
ਉਸਨੂੰ ਹੈ ਲੱਗਿਆ ਸਰਾਪ
ਹੁਣ ਭੋਗਦੈ ਭੁੱਖ ਦਾ ਸੰਤਾਪ
ਛਾਣਦਾ ਫਿਰਦੈ ਖੇਹ-ਰੇਤ
ਪਤਾਲਾਂ ਪਤਾਲ!"

"ਜੋ
ਪਰੰਪਰਾਵਾਂ 'ਚ ਬਣਕੇ ਅਪਵਾਦ
ਛੇੜਦਾ ਸੀ,
ਨਵੇਂ ਵਾਦ-ਵਿਵਾਦ
ਹੁਣ ਯਮਰਾਜ ਹੀ ਦੱਸਣਗੇ ਉਸਨੂੰ
ਕੀ ਹੈ, ਜੀਵਨ-ਅਗਨੀ ਦਾ ਹਵਨ-ਤਾਪ ?
ਤੇ ਆਤਮਾ ਦੇ ਜਨਮ-ਮਰਨ ਦਾ ਭੇਤ।"

"ਮਰ ਗਿਆ
ਕੌਣ ਪਰਤਿਆ ਹੈ ?
ਜੋ ਮੈਂ ਪਰਤਦਾ।"

"ਮੈਂ ਤੇ
ਸਮੇਂ ਕਾਲ ਤੋਂ ਮੁਕਤ
ਵਹਿੰਦਾ
ਵਿਚਾਰ ਪ੍ਰਵਾਹ ਹਾਂ।"

ਜਾਣਕੇ,
ਨਚਿਕੇਤਾ ਦਾ ਸੱਚ
ਮੇਰੇ ਹੱਥੋਂ ਛੁਟਕ ਗਿਆ
ਗ੍ਰੰਥ-ਕਥਾਸਾਰ

ਹਨੇਰੇ 'ਚ ਹੋ ਰਿਹਾ ਸੀ
ਪ੍ਰਤੱਖ
ਚਾਰਵਾਕ ਪ੍ਰਕਾਸ਼ਮਾਨ

ਗੱਲ ਤੁਰੀ ਤਾਂ-
ਨਚਿਕੇਤਾ ਨੇ ਕਿਹਾ...
****

## ਤਲਾਸ਼

ਮੈਂ ਤੇਰੇ 'ਚੋਂ
ਖ਼ੁਦ ਨੂੰ ਤਲਾਸ਼ਦਾ ਰਿਹਾ
ਤੂੰ ਮੇਰੇ 'ਚੋਂ
ਖ਼ੁਦ ਨੂੰ ਤਲਾਸ਼ਦਾ ਰਿਹਾ

ਤੇ ਇੰਜ
ਅਸੀਂ ਭਟਕਦੇ ਰਹੇ
ਲੈ ਕੇ
ਆਪਣੀ ਆਪਣੀ ਤਲਾਸ਼

ਹੋਰਾਂ ਦੀ ਤਰ੍ਹਾਂ...
****

## ਘਰ ਨਹੀਂ ਪੁੱਜਾ

ਮੈਂ ਤਾਂ
ਘਰ ਨਹੀਂ ਪੁੱਜਾ

ਜਿਹਨਾਂ ਕੋਲੋਂ ਤੁਰਿਆ ਸਾਂ
ਲਾਉਂਦੇ ਹੋਣਗੇ ਕਿਆਸ
ਕਿਹਾ ਹੈ ਨਿਰਮੋਹਾ ਕਾਹਲਾ
ਰੁਕਿਆ ਹੀ ਨਹੀਂ
ਭੁੱਲ ਗਿਐ
ਆਪਣੇਪਨ ਦਾ ਅਹਿਸਾਸ

ਜਿਹਨਾਂ ਨਾਲ ਤੁਰਿਆ ਸਾਂ
ਛੱਡਦੇ, ਵਿਛੜਦੇ ਗਏ
ਆਪਣੇ ਆਪਣੇ
ਪੜਾ ਦਰ ਪੜਾ
ਫਿਰ ਇਕੱਲ ਹੀ ਇੱਕਲ
ਰਹਿ ਗਈ ਆਸਪਾਸ

ਕਿਤੇ ਕਿਤੇ
ਇਕ ਹਵਾ ਦਾ ਬੁੱਲਾ
ਕਿਸੇ ਰੁੱਖ ਦੀ ਛਾਂ
ਕਿਸੇ ਅਣਪਛਾਣੇ, ਅਣਜਾਤੇ
ਪੰਛੀ ਦੀ ਸੰਗੀਤ-ਸੁਰ
ਦੇਂਦੇ ਧਰਵਾਸ

ਜਿਹਨਾਂ ਵਿਦਾ ਕੀਤਾ ਸੀ
ਸੋਚਦੇ ਹੋਣਗੇ
ਛੁਹਲਾ!
ਕਦੋਂ ਦਾ ਅੱਪੜ ਗਿਆ ਹੋਣੈ
ਆਪਣੇ ਮੁਕਾਮੇਖ਼ਾਸ

ਤੇ ਮੈਂ ਤੇ
ਵਿਦਾ ਕਰਨ ਵਾਲਿਆਂ ਨੂੰ
ਵਿਛੜਣ ਵਾਲਿਆਂ ਨੂੰ
ਕਿਹਾ ਸੀ ਵਾਰ ਵਾਰ
ਉੱਚੇ ਬੋਲਾਂ 'ਚ ਲੁਕੇ
ਮੂਕ-ਸ਼ਬਦਾਂ ਨਾਲ
ਕੀਤੀ ਅਰਦਾਸ

ਮੈਂ ਤੇ ਪਤਾ ਨਹੀਂ
ਕਿੱਥੇ ਕਦੋਂ ਬਿਖਰ ਜਾਵਾਂ
ਫਕੀਰ ਦੇ ਕਚਕੌਲ ਜਿਹਾ
ਝੱਲਿਆ ਨਹੀਂ ਜਾਂਦਾ
ਇਕੱਲ ਦਾ ਭਾਰ
ਮੈਨੂੰ ਤੇ ਖੋਰਦੀ ਰਵ੍ਹੇ
ਮੇਰੀ ਓਦਰੀ ਪਿਆਸ

ਓਧਰ
ਉਡੀਕਦੀਆਂ ਹੋਣਗੀਆਂ
ਅੱਖੀਆਂ ਬਣ ਗਈਆਂ
ਦਹਿਲੀਜਾਂ ਉਦਾਸ।
****

## ਪੌੜੀ

ਮਨੁੱਖ
ਉਮਰ ਭਰ
ਤਲਾਸ਼ਦੈ ਪੌੜੀ

ਤਾਂ ਜੋ ਛੂਹ ਸਕਾਂ
ਕੋਈ ਉੱਚਾ ਕਿੰਗਰਾ

ਇਕ ਉਚਾਈ ਤੋਂ ਬਾਅਦ
ਤਲਾਸ਼ਦੈ
ਦੂਸਰੀ ਪੌੜੀ
ਤੇ ਹਰ ਉਚਾਈ ਤੋਂ ਬਾਅਦ
ਨਕਾਰਦੈ
ਪਹਿਲੀ ਪੌੜੀ

ਪੌੜੀ ਹੈ
ਜੋ ਨਹੀਂ ਨਕਾਰਦੀ
ਆਪਣਾ ਧਰਮ-ਕਰਮ
ਉਹ
ਫਿਰ ਸੇਵਾ 'ਚ ਹਾਜ਼ਿਰ ਹੁੰਦੀ ਹੈ

ਇਹ ਵੱਖਰੀ ਗੱਲ ਹੈ
ਕਿਤੇ ਪੌੜੀ ਮੈਂ ਹਾਂ
ਕਿਤੇ ਪੌੜੀ ਤੂੰ ਹੈਂ
ਕਿਤੇ 'ਉਹ' ਹੈ
ਤੇ ਕਿਤੇ ਕੋਈ ਹੋਰ।
****

## ਯਾਦ

ਕਰਕੇ
ਕੁਝ ਰਸਮੀ ਜਿਹੀਆਂ ਗੱਲਾਂ
ਰਸਮੀ ਜਿਹੀ ਸੁੱਖ-ਸਾਂਦ

ਮੰਗਦੀ ਹੈ
ਜ਼ਿੰਦਗੀ ਦਾ ਹਿਸਾਬ

ਤੇਰੀ ਯਾਦ ਆਈ ਹੈ
ਤੜਕਸਾਰ
ਬਣਕੇ ਲਹਿਣੇਦਾਰ।
****

## ਅਥ/ਇਤਿ

ਖੁੱਲ੍ਹ ਗਿਆ ਹੈ
ਪੁਸਤਕ ਦਾ ਕਿਹੜਾ ਅਧਿਆਏ
ਸਾਫ਼ ਨਜ਼ਰ ਆਉਂਦੈ
ਅੰਤ-ਅੰਤਲਾ ਸਫ਼ਾ
ਪਰ ਨਹੀਂ ਆਉਂਦੀ ਮੁੱਕਣ 'ਚ...

ਅੱਖਰਾਂ ਦਾ ਹੁੰਦਾ ਜਾ ਰਿਹੈ
ਵਿਸਤਾਰ
ਸਤਰ ਸਤਰ
ਜਿਉਂ ਚਿੱਟੇ ਬੱਦਲਾਂ ਵਿਚਕਾਰ
ਅਬਾਬੀਲਾਂ, ਕਾਂ, ਤੋਤੇ
ਕਬੂਤਰ, ਕੂੰਜਾਂ
ਲਾਉਂਦੇ ਜਾਣ ਉਡਾਰ
ਰੰਗਬਰੰਗੇ ਰੰਗ ਵਾਹੁਣ
ਕਤਾਰ ਦਰ ਕਤਾਰ

ਕਿਸੇ ਜ਼ੰਗਲੀ ਬਾਜ਼ ਦੀ
ਅੱਖ ਤੋਂ ਡਰਦੇ

ਹੁਣ ਤੀਕ ਜਿੰਨੀ ਪੜ੍ਹੀ ਹੈ
ਬੁੱਲ੍ਹਾਂ ਤੋਂ ਅਖੀਆਂ ਤੀਕ
ਹਾਸਿਆਂ ਤੋਂ ਹੰਝੂਆਂ ਤੀਕ
ਦੌੜਦੀ
ਹੰਭੀ ਖੜ੍ਹੀ ਹੈ

ਤੁਸੀਂ ਇਸਨੂੰ
ਅਜੀਬ ਖ਼ੂਬਸੂਰਤ ਵੀ
ਕਹਿ ਸਕਦੇ ਹੋ

ਤੇ ਕੀ ਹੈ ਵਾਹਿਆਤ ? ਵੀ
ਕਿਸੇ ਮਹਾਨ ਕਲਾਕਾਰ ਦੀ
ਰਚੀ-ਸਿਰਜੀ ਕਲਾ-ਕ੍ਰਿਤੀ ਵੀ
ਤੇ ਆਪੇ ਡੁੱਲ੍ਹੇ ਬਿਖਰੇ ਰੰਗ ਵੀ

ਪਰ ਅਫ਼ਸੋਸ
ਤੁਸੀਂ ਚਾਹਕੇ ਵੀ ਇਸਨੂੰ
ਫਿਰ ਪੜ੍ਹੇ ਜਾਣ ਲਈ
ਠੱਪ ਨਹੀਂ ਸਕਦੇ
ਇਹ ਤਾਂ ਸਾਹ-ਸਾਹ ਲਿਖੰਦੀ
ਸਾਹੋ-ਸਾਹ ਪੜ੍ਹਨੀ ਮੁਕਾਉਣੀ ਪਵੇ
ਜਿਉਂ ਦੀ ਤਿਉਂ

ਤੇ ਇਸ ਦੌਰਾਨ
ਬਾਜ਼ ਦੀ ਅੱਖ ਦਾ ਡਰ
ਅੱਖਰਾਂ ਪਰਿੰਦਿਆਂ ਨੂੰ ਵੀ
ਮੈਨੂੰ ਵੀ
ਤੇ ਤੁਹਾਨੂੰ ਵੀ

ਉਂਜ ਤੇ ਬਾਜ-ਸ਼ਿਕਰੇ
ਕਈਆਂ
ਘਰੀਂ ਵੀ ਰੱਖੇ ਨੇ ਪਾਲ/ਸ਼ਸ਼ਕਾਰ
ਜਦੋਂ ਚਾਹੁਣ
ਇਕ ਜ਼ਿੰਦਗੀ
ਇਕ ਵਰਕਾ ਦੇਣ ਪਾੜ
ਸਮਝਕੇ ਖਿਲਵਾੜ

ਫੇਰ ਵੀ ਆਖੀ ਜਾਈ ਏ
ਕੋਈ ਤੇ ਹੈ
ਲਿਖਣਹਾਰ
ਰੱਖਣਹਾਰ।
****

## ਭਗੌੜਾ ਨਹੀਂ !

ਦੋਸਤੋ !
ਮੈਂ ਭਗੌੜਾ ਨਹੀਂ ਹਾਂ।

ਛਾਣਨੀ ਬਣਿਆ ਕਵਚ।
ਕਾਤਰ ਕਾਤਰ ਹੋਈ ਢਾਲ।

ਰਣ-ਭੂਮੀ 'ਚ ਗੱਡੇ
ਮੇਰੇ ਪੈਰਾਂ ਦੇ ਨਿਸ਼ਾਨ
ਨਿਸ਼ਾਨੇ 'ਤੇ ਟਿਕੀ ਨੀਝ।

ਚਿਹਰੇ ਦੀ ਰੰਗਤ 'ਚ ਘੁਲਿਆ,
ਜਿੱਤ ਦਾ ਵਿਸ਼ਵਾਸ।
ਬੁੱਲ੍ਹਾਂ 'ਤੇ
ਜਿਉਂ ਫੁਰਕਦਾ
ਸੰਗ ਨਿਭਣ ਦਾ ਇਕਰਾਰ।

ਤੇ
ਜ਼ਖ਼ਮ 'ਚ ਡੁੱਬੀ
ਉਂਗਲੀਆਂ 'ਚ ਫੜ੍ਹੀ
ਕਲਮ ਦੀ ਨੋਕ।

ਗਵਾਹ ਨੇ
ਮੈਂ ਨਿਢਾਲ ਹੀ ਸਹੀ
ਭਗੌੜਾ ਨਹੀਂ।
****

## ਪਾਸ਼ ਬਨਾਮ ਮੈਂ

ਪਾਸ਼ ਨੂੰ ਰੱਖਕੇ ਸਰ੍ਹਾਣੇ,
ਸੌਣ ਵਾਲੇ
ਸੁਪਨਿਆਂ 'ਚ ਕਰਦੇ ਨੇ
ਬਹਿਸ,

"ਤੂੰ!
ਜੇ ਨਾ ਮਾਰਦੋਂ ਲੰਗੜੀ
ਅਸਾਂ ਤਾਂ ਢੁੰਡ ਹੀ ਲਿਆ ਸੀ
ਕਿੱਲਾ
ਲਹਿ ਹੀ ਜਾਣੀ ਸੀ
ਵੈਰੀ ਦੀ ਹਿੱਕ ਵਿੱਚ ਬਰਛੀ।"

"ਤੁਸੀਂ ਸਿੱਖੇ ਹੀ ਨਹੀਂ
ਪੈਂਤਰੇਬਾਜ਼ੀ,
ਖੇਡਦੇ ਰਹੇ ਹਵਾ 'ਚ ਗਤਕਾ
ਦੁਸ਼ਮਨ ਤਾਂ
ਤੁਹਾਡੇ ਨਾਲ ਰਲਿਆ ਸੀ।"

"ਤੁਸਾਂ ਪੜ੍ਹੀ ਹੀ ਨਹੀਂ
ਉਹ ਕਿਤਾਬ
ਜੋ ਦਸਤਾਵੇਜ ਹੈ,
ਸਾਡੇ ਵਰਗਿਆਂ ਲਈ
ਜਿਸ ਵਿੱਚ ਲਿਖਿਐ ਹਰ ਸਿਧਾਂਤ,
ਹਰ ਮੌਕੇ ਤੇ ਹਰ ਸਵਾਲ ਦਾ ਹੱਲ।"

ਤੇ ਵਰਤਮਾਨ ਨੂੰ ਬਾਹੋਂ ਧਰੂੰਦਾ
ਭੂਤ ਹੱਸਦਾ ਹੈ
ਉਹਨਾਂ 'ਤੇ
ਜੋ ਭਵਿੱਖ ਨੂੰ ਕਰ ਰਹੇ ਨੇ
ਸ਼ਰਮਸਾਰ

ਜੋ ਸੱਪ ਨੂੰ ਨਹੀਂ
ਲੀਕ ਕੁੱਟਦੇ ਨੇ
ਪਾਲ਼ੇ ਬਦਲ ਬਦਲ

ਪਰ ਮੈਂ ਤੇ
ਪਾਸ਼ ਨੂੰ ਮਿਲਿਆ ਹੀ ਨਹੀਂ
ਉਸਨੂੰ ਸਰ੍ਹਾਣੇ ਰੱਖਾਂ!
ਜਾਂ ਅੱਖਾਂ ਮੂਹਰੇ

ਮੈਨੂੰ ਕੀ ਫ਼ਰਕ ਪੈਂਦੈ
ਮੈਂ ਤੇ
ਤੇਗ਼ ਜਾਂ ਕਲਮ ਫੜ੍ਹੀ ਹੀ ਨਹੀਂ
ਆਪੇ ਤੋਂ ਬਾਹਰ ਨਿਕਲਿਆ ਹੀ ਨਹੀਂ।
ਨਾ ਹੀ ਤੁਰਿਆ ਹਾਂ
ਸਾਡਾ ਚੈਨ ਲੁੱਟ ਕੇ
ਉੱਡਦੇ ਬਾਜ਼ਾਂ ਮਗਰ

ਤੇ ਐਵੇਂ ਦੀਆਂ ਬਹਿਸਾਂ ਨਾਲ
ਪਾਸ਼ ਨੂੰ ਕੀ ਫ਼ਰਕ ਪੈਂਦੈ।
****

## ਇਕ ਹੋਰ ਕਰਾਂਤੀ-ਗੀਤ

ਲਓ!
ਇਕ ਵਾਰ ਫੇਰ
ਮੁਲਤਵੀ ਹੋ ਗਈ ਹੈ
ਕਰਾਂਤੀ

ਕੁਝ ਹੋਰਾਂ ਨੂੰ ਮਿਲ ਗਿਐ
ਕੁਝ ਨਾ ਕੁਝ
ਬਚੇ-ਖੁਚੇ 'ਚੋਂ ਸਮਝੌਤੇ ਅਨੁਸਾਰ

ਝੰਡਾ ਬਰਦਾਰਾਂ ਦੇ
ਮਨ-ਮਸਤਕ 'ਤੇ
ਉਤਰ ਆਈ ਹੈ
ਕੁੰਭਕਰਨੀ ਨੀਂਦਰ ਦੀ ਸ਼ਾਮ
ਕੁਝ ਚਿਰ
ਦਰਬਾਰੀ ਕੁਰਸੀਆਂ 'ਤੇ
ਕਰਨਗੇ ਵਿਸ਼ਰਾਮ

ਕਸੀਦਾਕਾਰਾਂ ਨੂੰ
ਕਰ ਦਿੱਤਾ ਗਿਐ ਫ਼ਰਮਾਨ
ਆਓ ਤੇ ਸਾਡੇ ਲਿਆਂਦੇ
ਨਵ-ਯੁਗ ਦੇ ਕਸੀਦੇ ਸੁਣਾਓ।
ਜਨਤਾ ਨੂੰ ਦੱਸ ਦਿੱਤਾ ਗਿਐ
ਸਮਝੌਤਾ
ਮਜਬੂਰੀ ਦੀ ਜਰੂਰਤ ਹੈ
ਜਦੋਂ ਤੀਕ
ਇਕ ਦੇਹਿ 'ਚ ਰਹਿੰਦੇ ਨੇ
ਰਾਵਣ ਅਤੇ ਰਾਮ
ਨਹੀਂ ਹੋ ਸਕਦਾ ਅੰਤਿਮ ਸੰਗਰਾਮ

ਅਜੇ ਨੇੜ-ਤੇੜ ਕਰਾਂਤੀ ਦਾ
ਕੋਈ ਮਹੂਰਤ ਨਹੀਂ ਹੈ।

ਤੇ ਮੈਂ ਵੀ ਸੋਚ ਲਿਐ
ਮੇਰਾ ਅਜਾਈਂ ਮਰਨਾ
ਅਜੇ ਟਲ ਗਿਐ
ਉਦੋਂ ਤੀਕ
ਹੋਰ ਲਿਖ ਲਵਾਂਗਾ
ਇਕ ਦੋ ਕਰਾਂਤੀ ਗੀਤ
ਲੋਕਾਂ ਲਈ
ਹਕੂਮਤ ਦੀ ਬਖ਼ਸ਼ੀ ਕਲਮ ਨਾਲ

ਲਓ
ਇਕ ਵਾਰ ਫੇਰ
ਮੁਲਤਵੀ ਹੋ ਗਈ ਹੈ ਕਰਾਂਤੀ
ਹਾਂ ਏਦਾਂ ਹੀ ਹਰ ਵਾਰ,
ਮੁਲਤਵੀ ਹੁੰਦੀ ਰਹੇ ਕਰਾਂਤੀ।

ਤੇ ਅਸੀਂ
ਕਿਸੇ ਨਾ ਕਿਸੇ ਜਲੌਂ ਥੱਲੇ
ਅਲਸਾਏ
ਸੁਸਤਾਂਦੇ ਰਹੀਏ

ਨਾਇਕਾਂ, ਮਹੂਰਤਾਂ ਦੀ
ਉਡੀਕ ਵਿੱਚ।
****

## ਮੈਂ ਤੇ ਜ਼ਿੰਦਗੀ

ਮੈਂ ਕਿਹਾ
ਮਾਫ਼ ਕਰੀਂ ਜ਼ਿੰਦਗੀ
ਤੇਰੀ ਕਹਾਣੀ
ਬੜੀ ਰੌਚਕ
ਭੇਤਭਰੀ ਤਿਲੱਸਮੀ ਹੈ,
ਪਰ ਔਖੀ।

ਇਸ ਦੀਆਂ ਗੁੰਝਲਾਂ, ਉਤਾਰ ਚੜ੍ਹਾ
ਛੇਤੀ ਖੁੱਲ੍ਹਦੇ ਨਹੀਂ
ਪੜ੍ਹਦਿਆਂ ਪੜ੍ਹਦਿਆਂ
ਅੱਖ ਲੱਗੀ ਜਾ ਰਹੀ ਹੈ
ਨੀਂਦਰ ਆ ਰਹੀ ਹੈ।

ਮੈਂ, ਪੜ੍ਹਨਾ ਚਾਹੁੰਦਾ ਵੀ,
ਪੂਰੀ ਕਿਤਾਬ ਪੜ੍ਹ ਨਹੀਂ ਸਕਿਆ।

ਜ਼ਿੰਦਗੀ ਨੇ ਕਿਹਾ,
"ਕੋਈ ਗੱਲ ਨਹੀਂ,
ਤੇਰੇ ਹਿੱਸੇ ਇੰਨੇ ਹੀ ਵਰਕੇ ਰਹੇ।"

"ਬਾਕੀ ਦੇ
ਪੜ੍ਹਦਾ ਰਹੇਗਾ
ਕੋਈ ਹੋਰ
ਹੋਰ
ਤੇ ਹੋਰ।"
****

# ਰਸਮਾਂ

ਮੈਂ ਜਦੋਂ
ਦੂਸਰਿਆਂ ਨੂੰ ਮਿਲਣ ਲਗਦਾਂ
ਹੋ ਕੇ ਬੇ-ਰਸਮ

ਤਾਂ ਪਤਾ ਲਗਦੈ
ਉਹਨਾਂ ਦੀਆਂ ਰਸਮਾਂ
ਕਿੰਨੀਆਂ ਵੱਡੀਆਂ

ਪਤਾ ਨਹੀਂ
ਨਿਭਾ ਜਾਂਦੇ ਨੇ ਕਿੰਨਾਂ ਕੁਝ
ਰਸਮੋ ਰਸਮੀ

ਤੇ ਦੋਸਤੀ ਤੀਕ।
****

## ਉਗਾਲਦਾਨ

ਉਹ
ਤਲਾਸ਼ਦੇ ਨੇ
ਮੇਰੇ ਅੰਦਰ ਦਾ ਉਗਾਲਦਾਨ।
ਕੂੜੇਦਾਨ।

ਜੋ ਹੋਵੇ ਨਿਰਾਪੁਰਾ
ਮਿੱਟੀ ਦਾ ਭਾਂਡਾ ਜਿਹਾ

ਜਿਸ ਵਿੱਚ ਸੁੱਟ ਸਕਣ
ਆਪਣੀ ਜੇਬ 'ਚੋਂ ਕੱਢਕੇ
ਆਪਣੇ ਆਪਣੇ ਘੜੇ-ਮੰਨੇ
ਸੱਚ ਦਲੀਲ ਸਲਾਹ

ਥੁੱਕ ਸਕਣ
ਹਰ ਤਰ੍ਹਾਂ ਦੀ ਵਿੱਸ
ਚਗ਼ਲੇ ਹੋਏ ਸੁਆਦ
ਦਿਮਾਗੀ ਵਾਦ-ਵਿਵਾਦ

ਕਰਾਂ ਕਬੂਲ
ਮੰਨਕੇ ਬ੍ਰਹਮਵਾਕ

ਉਹ ਜੋ ਨੇ
ਸ਼ਾਂਤ-ਚਿੱਤ, ਮੌਕਾ-ਸ਼ਨਾਸ
ਪੱਖ ਦੇ ਮੁਦਈ
ਵਿਪੱਖ ਦੇ ਗਵਾਹ
ਸੁੱਕੀਆਂ ਨਦੀਆਂ ਦੇ ਮਲਾਹ

ਆਉਂਦੇ ਨੇ
ਹਉਮੈ ਦੀ ਘੋੜ-ਬੱਘੀ 'ਤੇ ਸਵਾਰ
ਨੱਕ 'ਤੇ ਰੱਖ ਕੇ ਸੰਸਕਾਰਾਂ ਦਾ ਰੁਮਾਲ

ਪਰਤ ਜਾਂਦੇ ਨੇ
ਮੇਰੇ ਸਿਰ 'ਤੇ ਸੁੱਟਕੇ
ਰਿਸ਼ਤਿਆਂ ਦਾ ਅਸਮਾਨ
ਸਾਰੇ ਅਹਿਸਾਨ
ਸੰਭਾਲ ਸਕੇਂ ਤਾਂ ਸੰਭਾਲ

ਮੈਂ ਤਾਂ ਜੜ੍ਹ-ਮੱਤ
ਗੰਧਲੇ ਖੂਹ ਦਾ ਡੱਡੂ
ਕਿੰਜ ਕਰਾਂ
ਆਪਣੇ ਮਨ-ਪਿੰਡੇ ਦਾ
ਸੱਚ ਬਿਆਨ

ਉਗਾਲਦਾਨ ਦਾ ਧਰਮ
ਬਣਿਆ ਰਹੇ
ਚੁੱਪ ਚਾਪ
ਜੁਗੋ ਜੁਗ
ਉਗਾਲਦਾਨ।
****

## ਅਹਿਸਾਸ

ਮਿੱਤਰਾਂ ਨੂੰ ਮਿਲਕੇ
ਨਹੀਂ ਮਿਲਦੇ
ਮੂੰਹ 'ਚ
ਇਲਾਚੀ ਰੱਖਣ ਜਿਹੇ
ਸੁਗੰਧ ਤੇ ਸੁਆਦ

ਹੁੰਦਾ ਨਹੀਂ
ਲੂਣ ਦੀ ਡਲੀ ਤੋਂ
ਮਿਸ਼ਰੀ ਜਿਹਾ ਅਹਿਸਾਸ

ਲੱਗਦੈ
ਨਹੀਂ ਸਮੌਂਦੀ
ਸੁਆਰਥ ਦੀ ਜੇਬ ਵਿੱਚ
ਆਪਣੇਪਣ ਦੀ ਰਾਸ।

****

## ਸਿਰਜਣਾ

ਜਿਸ ਨੇ
ਸੂਤਕ-ਪੀੜਾਂ
ਜਰ ਜਰ
ਸ਼ਬਦ ਸਿਰਜਿਆ

ਉਹੀ ਜਾਣੇ
ਸ਼ਬਦ-ਵੇਦਨਾ ਦਾ
ਕੀ ਹੈ ਰਿਸ਼ਤਾ
ਸੰਵੇਦਨਾ ਨਾਲ

ਅਸੀਂ ਤਾਂ
ਸਾਂਗ ਲਾਉਂਦੇ ਹਾਂ
ਗੱਲ੍ਹਾਂ ਵਜਾਉਂਦੇ ਹਾਂ।
****

## ਗੱਲਾਂ ਮੁੱਕ ਗਈਆਂ

ਸ਼ਬਦ
ਮੌਣ ਹੋ ਗਏ ਨੇ।

ਸਿਮਟ ਗਏ ਨੇ
ਪੱਥਰਾਂ-ਕੰਧਾਂ ਦੀਆਂ ਕੁੱਖਾਂ ਵਿੱਚ
ਗੁੰਮ ਸੁੰਮ
ਗੁਆਚ ਗਈ ਹੈ
ਰੁੱਖਾਂ, 'ਵਾਵਾਂ ਦੀ ਸ਼ਾਂਅ ਸ਼ਾਂਅ

ਕਿਸੇ ਬਾਤ-ਹੁੰਗਾਰੇ ਦੀ ਉਡੀਕ ਵਿੱਚ
ਥੱਕ ਹਾਰ
ਊਂਘਣ ਲੱਗ ਪਿਆ ਹੈ
ਚਾਰ ਚੁਫ਼ੇਰਾ

ਪਰਿੰਦਿਆਂ ਦੇ ਪਰਾਂ 'ਚ
ਬਹਿ ਗਿਆ ਹੈ
ਚੁੱਪ ਦਾ ਸੀਤ

ਸੂਤਰੇ ਗਏ ਨੇ ਸਾਹ
ਦਿਲ ਦੀ ਧੜਕਣ ਦੇ ਨਾਲ ਨਾਲ
ਹੋਣੀ ਰਹੀ ਹੈ ਕੀਲ
ਦਮ ਦਮ, ਪੈਰ ਪੈਰ
ਵਗਦੇ ਸਮੇਂ ਦੀ ਚਾਲ

ਬਰਫ਼ ਤਾਂ ਕਿਤੇ ਦੂਰ
ਪਹਾੜਾਂ 'ਤੇ ਵਰ੍ਹੀ ਹੈ

ਸਾਡੇ ਵਣਜਾਰੇ
ਸ਼ਾਂਤੀ-ਕ੍ਰਾਂਤੀ ਮੋਹ ਦੇ ਗੀਤ
ਗੜਿਆਂ ਦੀ ਮਾਰ ਨਾਲ
ਕਿਉਂ ਹੋ ਗਏ ਸੰਗਸਾਰ ?

ਸਾਡੇ ਜਜ਼ਬੇ, ਸੁਪਨੇ
ਮਿਲਣ ਦਾ ਚਾਅ
ਦੋਸਤੀ ਦੇ ਅੰਗ
ਪੈ ਗਏ ਨੀਲੇ
ਹੋ ਗਏ ਠੰਡੇ ਠਾਰ

ਲਾਚਾਰੀ ਦਾ ਡੰਗ ਹੈ ?
ਜਾਂ
ਵਕਤ ਵਕਤ ਦੀ ਪਛਾਣ
ਜਿਨ੍ਹਾਂ ਦੇ ਮਿਲਿਆਂ
ਖੁੱਲ੍ਹ ਜਾਂਦੇ ਸਨ ਸ਼ਬਦ-ਕੋਸ਼
ਮੌਲਣ ਲਗਦੇ ਸਨ ਗੀਤ
ਸਤਰਾਂ ਜੁੜਦੀਆਂ
ਜਿਉਂ ਕੂੰਜਾਂ ਦੀ ਡਾਰ

ਗੱਲੀਂ ਗੱਲੀਂ
ਕਿੰਨਾ ਹੀ
ਇਤਿਹਾਸ, ਮਿਥਿਹਾਸ
ਖਿਆਲਾਂ ਦੇ ਰੰਗਮੰਚ 'ਤੇ
ਉਤਰ ਆਉਂਦਾ ਸੀ ਸਾਕਾਰ

ਉਹ
ਲੈ ਕੇ
ਆਪਣੀ ਹੀ ਬੇਧਿਆਨੀ ਦੀ ਓਟ
ਲੰਘ ਜਾਂਦੇ ਨੇ
ਦੂਰੋਂ-ਕੋਲੋਂ ਦੀ ਖ਼ਾਮੋਸ਼

ਬਹਿਕੇ ਕੋਲ
ਨਹੀਂ ਫੁਰਦੇ ਬੋਲ
ਸੁਣਦੇ ਸਾਂ
ਵਾਕ ਸਦੀਵ ਹੈ!
ਨਾਦ ਗੂੰਜਦਾ ਹੈ!!

ਪਰ
ਵਾਕ ਵਿਚਾਰਾ ਕੀ ਕਰੇ ?
ਜਦੋਂ ਨਿੱਘ ਠਰ ਗਿਆ
ਗੱਲਾਂ ਮੁੱਕ ਗਈਆਂ !

ਜਿੰਦੇ !
ਅਜੇ ਤਾਂ ਬਾਕੀ ਹੈ
ਦੂਰ ਤੱਕ ਵਿਛੀ
ਚੁੱਪ ਦੀ ਆਵਾਜ਼

ਆ !
ਉਸਨੂੰ ਸੁਣੀਏ
ਤੇ ਨਿਕਲਕੇ ਧੁੰਦ ਤੋਂ ਪਾਰ
ਕਰੀਏ
ਗੁਆਚੇ ਅਰਥਾਂ ਦੀ ਭਾਲ

ਮਨੁੱਖ ਨੇ
ਕਿਉਂ ਕੁਕਨੁਸ
ਕਲਪਣਾ 'ਚ ਲਿਆ ਸੀ
ਉਤਾਰ

ਬਰਫ਼ ਤਾਂ ਕਿਤੇ ਦੂਰ...
ਪਹਾੜਾਂ 'ਤੇ ਵਰ੍ਹੀ ਹੈ
ਮੌਸਮ ਦੇ ਫੇਰ ਨਾਲ।
****

## ਮੈ ਤੇ ਸਮੁੰਦਰ

ਮੈਂ
ਇਕ ਵਾਰ
ਸਮੁੰਦਰ ਨੂੰ ਮਿਲਣ ਗਿਆ

ਮਿਲਿਆ ਤੇ ਕਿਹਾ
ਮੇਰੇ ਨਾਲ ਚੱਲੇਂਗਾ ?

ਉਸ ਕਿਹਾ
ਮੇਰੀ ਚੁਲੀ ਨਾ ਭਰੀਂ
ਮੇਰਾ ਅਹਿਸਾਸ ਕਰ
ਮੈਂ ਤੇਰੇ ਅੰਦਰ ਉਤਰ ਆਵਾਂਗਾ

ਤੇ ਮੈਂ
ਉਸ ਨੂੰ ਨਾਲ ਹੀ ਲੈ ਆਇਆ

ਉਹ
ਜਦ ਵੀ ਇਕੱਲ ਵਿੱਚ
ਬਿਹਬਲ ਹੁੰਦਾ ਹੈ
ਉਦਰੇਵਾਂ ਮੰਨਦਾ ਹੈ
ਮੈਂ ਉਸਨੂੰ
ਕਾਗ਼ਜ਼ 'ਤੇ ਉਤਾਰ ਦੇਨਾਂ

ਤੁਸੀਂ ਪੁੱਛਦੇ ਹੋ ?
ਮੇਰੀ ਹਰ ਕਵਿਤਾ ਦਾ ਪੰਨਾ
ਨਮ ਕਿਉਂ ਹੁੰਦੈ।
****

## ਮੈਂ ਤੇ ਗਲੋਬ

ਮੇਰੇ ਸਾਹਮਣੇ
ਮੇਜ 'ਤੇ ਪਿਆ
ਗਲੋਬ
ਘੁੰਮ ਰਿਹਾ ਹੈ।

ਘੁੰਮ ਰਿਹਾ ਹੈ,
ਹੋਰ ਤੇਜ, ਹੋਰ ਤੇਜ,

ਉਸ ਤੇ ਖਿੱਚੀਆਂ,
ਕਰਕ, ਮਕਰ, ਭੂਮੱਧ ਰੇਖਾਵਾਂ
ਹੋਰਾਂ ਰੇਖਾਵਾਂ ਦੇ ਨਾਲ
ਬਣਦੀਆਂ ਜਾਣ
ਕਿਸੇ ਜਾਦੂਗਰ ਦਾ ਜਾਲ।

ਜੰਗਲ, ਪਰਬਤ, ਮਾਰੂਥਲ
ਨਦੀਆਂ, ਸਮੁੰਦਰ
ਬਸਤੀਆਂ, ਸ਼ਹਿਰ
ਦੇਸ਼ਾਂ ਦੇ ਦੇਸ਼
ਘੁੰਮ ਰਹੇ ਨੇ ਉਸਦੇ ਨਾਲ
ਜਲ ਥਲ ਹੋ ਰਿਹੈ ਏਕਾਕਾਰ।

ਉਸਦੇ,
ਘੁੰਮਣ ਘੇਰੀਂ ਪੈਕੇ
ਆਕਾਰ-ਹੀਣ ਹੋ ਗਏ
ਸਾਰੇ ਦੇ ਸਾਰੇ
ਜਿਉਂ,
ਸਭ ਨੂੰ ਖਾ ਗਿਆ ਹੋਵੇ,
ਗਲੋਬ।

ਉਹ ਮੈਨੂੰ,
ਕਦੇ ਫੁੱਟਬਾਲ ਲਗਦੈ
ਕਦੇ ਵਡ-ਆਕਾਰਾ ਆਟੇ ਦਾ ਪੇੜਾ
ਕਦੇ ਹਰ ਊਰਜਾ ਦਾ ਵਰਤਾਵਾ
ਗੂੰਜ ਰਹੀ
ਉਸਦੀ ਘੂਕਰ ਦੀ ਘੁੰਕਾਰ,
ਉਸਦੀ ਸੰਮੋਹਣ ਖਿੱਚਣ ਸ਼ਕਤੀ
ਸਿਰਾਂ 'ਤੇ
ਜਾਦੂ ਧੂੜੀ ਜਾਵੇ,
ਚਾਹਾਂ,
ਮੈਂ ਵੀ ਉਸ ਵਿੱਚ ਮਾਰਾਂ ਛਾਲ।

ਪਰ,
ਉਹ ਤਾਂ ਹੁੰਦਾ ਜਾਵੇ,
ਕਿਸੇ ਰਾਖਸ਼ ਦੇ ਚਿਹਰੇ ਵਾਂਗੂ
ਤਪਦੇ ਲਾਵੇ ਦੇ ਗੋਲੇ ਵਾਂਗੂ
ਨੀਲਾ ਪੀਲਾ, ਗੋਰਾ, ਕਾਲਾ, ਲਾਲ
ਰੰਗ ਵਟਾਵੇ।

ਘੁੰਮੀਂ ਜਾਵੇ, ਘੁੰਮੀਂ ਜਾਵੇ
ਜਿਨਾਂ ਖਾਵੇ
ਭੁੱਖ,
ਵਧਦੀ ਜਾਵੇ, ਵਧਦੀ ਜਾਵੇ।

ਕਦੇ ਉਸ 'ਚੋਂ ਨਿਕਲਣ,
ਚੰਗਿਆੜੇ, ਬਣ ਬਣ,
ਏ.ਕੇ. ਸੰਤਾਲੀ,
ਰਾਕਟ, ਮਿਜਾਈਲਾਂ
ਤੇ ਜ਼ਹਿਰੀ ਗੈਸਾਂ ਦੇ ਗੁਬਾਰ।

ਕਦੇ ਕਦੇ ਲਗਦੈ
ਮੈਂ ਵੀ ਹਾਂ
ਉਸੇ ਵਿੱਚ ਕੈਦ
ਹਵਾ, ਜਿਸ 'ਚੋਂ
ਕਿਸੇ ਸ਼ੂਕਰ ਲਈ ਹੈ।

ਇਹ ਬ੍ਰਹਿਮੰਡ-ਭੱਖੀ ਗੋਲਾ।
ਮੈਨੂੰ ਭੱਖ ਨਾ ਜਾਵੇ
ਜੋਰੋ ਜੋਰੀ ਬਾਹਰ ਵਲ ਦੌੜਾਂ
ਆਪ ਬਚਾਵਾਂ

ਮੈਨੂੰ
ਦੁਨੀਆਂ ਸਮਝਾਵਣ ਖਾਤਰ,
ਗਲੋਬ ਵੱਲ ਜਾਈ ਜਾਵੇ,
ਮੇਰਾ ਬੱਚਾ,

ਮੈਂ ਸਹਿਮ ਗਿਆ ਹਾਂ।
****

## ਕਹਿ ਗਿਆ ਸਾਂ

ਕਿਸੇ ਮੋੜ 'ਤੇ
ਕਿੰਨਾ ਸਹਿਜ ਸੁਭਾ
ਕਹਿ ਗਿਆ ਸਾਂ ਮੈਂ

ਇਹ ਰਾਤ, ਪਰਭਾਤ, ਮੁਲਾਕਾਤ
ਯਾਦ ਰੱਖਿਓ
ਇਹ ਮੁਸਕਾਨਾਂ ਮੋਹਣਹਾਰ
ਯਾਦ ਰੱਖਿਓ
ਮੋਹ 'ਚ ਉਮੜੀ, ਪਲਕਾਂ 'ਚ ਰੋਕੀ
ਬਰਸਾਤ ਯਾਦ ਰੱਖਿਓ

ਇਹ ਮੇਰੇ ਵਿਸ਼ਵਾਸ ਦਾ ਸਿਖਰ ਸੀ
ਜਾਂ
ਮੇਰੇ ਯਕੀਨ ਦਾ ਭਰਮ
ਜੋ ਪੜ੍ਹ ਨਾ ਸਕਿਆ
ਪਲ ਪਲ ਬਦਲਦੀ
ਸਮੇਂ ਦੀਆਂ ਪੈੜਾਂ ਨਾਲ
ਲਿਖੀ ਜਾਂਦੀ ਇਬਾਰਤ

ਹੁਣ ਤੇ
ਉੱਧੜੀ ਭੁਲੇਖੇ ਦੀ ਚੰਗੇਰ ਵਿੱਚ
ਜਾਂ
ਸਿਓਂਕੀ ਮੁਹੱਬਤਾਂ ਦੀ ਕਤਾਬ ਵਿੱਚ
ਕੁੱਝ ਵੀ ਨਹੀਂ ਰਿਹਾ
ਹੂਕ ਤੋਂ ਬਿਨਾਂ

ਹੁਣ ਤੇ
ਇਹ ਵੀ ਕਹਿਣੋ
ਸੰਗਦਾ ਹੈ ਦਿਲ

ਕਦੇ ਵਿਹਲ ਮਿਲੇ
ਤਾਂ ਯਾਦ ਕਰਿਓ
ਕਦੇ ਫ਼ੁਰਸਤ ਮਿਲੇ
ਤਾਂ ਕੋਈ ਪੁਰਾਣੀ ਨਜ਼ਮ ਪੜ੍ਹਿਓ
ਤੇ ਚੇਤੇ 'ਚੋਂ ਉੱਡਦੀ
ਕਿਸੇ ਤਿਤਲੀ ਨੂੰ ਫੜ੍ਹਿਓ
ਤੇ ਫਿੱਕੇ ਪਏ ਰੰਗਾਂ ਦੀ
ਪਹਿਚਾਣ ਕਰਿਓ।
****

## ਸੰਵੇਦਨਹੀਣਤਾ

ਪਤਾ ਹੀ ਨਹੀਂ ਲੱਗਦਾ,
ਕਦੋਂ ਬਦਲ ਜਾਂਦੈ
ਮੌਸਮ ਦਾ ਨਜ਼ਾਰਾ
ਮੰਚ 'ਤੇ ਕੁਝ ਵੀ ਨਹੀਂ ਹੁੰਦਾ
ਨ੍ਹੇਰੇ ਤੇ ਖ਼ਾਮੋਸ਼ੀ ਤੋਂ ਸਿਵਾ।

ਪਤਾ ਹੀ ਨਹੀਂ ਲੱਗਦਾ,
ਕਦੋਂ ਝੜ/ਕਿਰ ਜਾਂਦਾ ਹੈ
ਸਾਡੇ ਆਪੇ ਦਾ ਕੋਈ ਅੰਗ
ਅਸੀਂ ਠਿਠਕਦੇ ਹਾਂ,
ਵੇਖਦੇ ਹਾਂ
ਤੇ ਉਤਰ ਜਾਂਦੇ ਹਾਂ
ਅਭਿੱਜ-ਪਾਣੀਆਂ ਦੇ ਖ਼ੂਹ ਵਿੱਚ
ਸਭ ਮੋਹ-ਰਿਸ਼ਤਿਆਂ ਤੋਂ ਪਾਰ

ਪਤਾ ਹੀ ਨਹੀਂ ਲੱਗਦਾ,
ਕਦੋਂ ਜਾਚ ਆ ਜਾਂਦੀ ਹੈ

ਸਾਨੂੰ
ਸਭ ਕੁਝ ਜਰ ਜਾਣ ਦੀ
ਤੇ ਨਿਰਮੋਹੇ ਹੋਣ ਦੀ

ਪਤਾ ਹੀ ਨਹੀਂ ਲੱਗਦਾ
ਕਦੋਂ
ਪਤਾ ਲੱਗ ਜਾਂਦਾ ਹੈ
ਸਾਨੂੰ
ਇਹ ਤਾਂ ਹੋਣਾ ਹੀ ਸੀ।
****

## ਸਵੈ-ਭਰਮ

ਮੈਂ ਤੇ
ਇਕ ਇਕ ਤੰਦ–ਤਾਰ ਤੋੜ
ਹੋ ਗਿਆਂ ਬੰਧਨ–ਮੁਕਤ

ਪਰ
ਬਾਲਪਣ ’ਚ ਸੁਣੀ ਕਹਾਣੀ ਦੀ
ਬੁੱਢੀ ਜਾਦੂਗਰਨੀ
ਚਰਖਾ ਕੱਤਦੀ, ਮੋਹਣਾ ਰੂਪ ਵਟਾਈ
ਮੈਨੂੰ ਜਕੜੀ ਜਾਵੇ
ਸਿਰ ਤੋਂ ਪੈਰਾਂ ਤੀਕ
ਸੁਨਹਿਰੀ ਸੂਤਰ ਨਾਲ

ਤੇ ਮੈਂ ਪਿਆਂ
ਕਿਸੇ ਸੰਗਮਰਮਰੀ ਮਕਬਰੇ ’ਚ
ਜਿਊਂਦਾ ਦਫ਼ਨ
ਗੁੱਗਲ ਦੇ ਧੂੰਅ–ਗੰਧ ਨਾਲ
ਡੌਰਿਆ
ਸੁਣ ਰਿਹਾ
ਕੋਈ ਓਪਰੀ ਆਵਾਜ਼
ਜਾਣਕੇ ਆਪਣੀ ਆਵਾਜ਼
ਜਿਉਂ ਵੇਖ ਰਿਹਾ ਹੋਵਾਂ
ਸੁਪਨੇ ’ਚ ਖ਼ਾਬ

ਜਾਦੂਗਰਨੀ
ਆਪਣੀ ਵਹੀ ਖੋਲ੍ਹਦੀ ਹੈ
ਪੜ੍ਹਦੀ ਹੈ
ਮੇਰਾ ਕੁਰਸੀਨਾਮਾ
ਨਖ਼ਰਿਆਂ ਨਾਲ ਉਧੇੜਦੀ ਹੈ

ਮੇਰਾ ਮਾਸ
ਤਿੱਖੀਆਂ ਨਹੁੰਦਰਾਂ ਨਾਲ
ਪਾਕੇ ਬਹੁਰੰਗਾ ਨਕਾਬ

ਤੇ ਮੇਰੀ ਵੰਸ-ਵੇਲ ਦੇ
ਪੱਤੇ ਪੱਤੇ ਦੇ ਮੱਥੇ 'ਤੇ
ਲਾ ਦੇਂਦੀ ਹੈ
ਆਪਣੀ ਮੋਹਰ
ਮੇਰੇ ਲਹੂ ਦੇ ਨਾਲ

ਮਨੁੱਖ ਹੋਣ ਥੀਣ ਦੇ
ਨਾਮਕਰਣ ਦਾ
ਵਸੂਲਦੀ ਹੈ ਸੂਦ
ਜੁਗੋ ਜੁਗ
ਸੰਤਾਨ ਦਰ ਸੰਤਾਨ
ਪਰੰਪਰਾ ਹੱਸਦੀ ਨੱਚਦੀ
ਤਾੜੀਆਂ ਮਾਰ ਮਾਰ

ਫੇਰ ਵੀ
ਮੈਨੂੰ ਹੁੰਦਾ ਹੈ ਅਹਿਸਾਸ
ਮੈਂ ਨਹੀਂ
ਹੋਰ ਹੀ ਪਏ ਨੇ ਜਕੜੇ
ਆਪਣੇ ਆਪਣੇ ਮਕਬਰੇ ਵਿੱਚ
ਮੇਰੇ ਆਲੇ ਦੁਆਲੇ

ਤੇ ਸੋਚੀ ਜਾਵਾਂ
ਮੈਂ ਤੇ ਬੰਧਨ ਮੁਕਤ
ਹਰ ਤੰਦ-ਤਾਰ ਤੋੜ ਲਈ!
****

## ਪਹਾੜ ਤੇ ਪੌੜੀਆਂ

ਕੋਈ ਨਹੀਂ ਜਾਣਦਾ,
ਪਹਾੜ ਦੀਆਂ ਜੜ੍ਹਾਂ ਤੋਂ
ਸੱਪ-ਵਲ ਖਾਂਦੀਆਂ
ਅਸਮਾਨ 'ਚ 'ਲੋਪ ਹੁੰਦੀਆਂ
ਅਮੁੱਕ ਪੌੜੀਆਂ
ਕੌਣ ਬਣਾਉਂਦਾ ਰਿਹਾ।

ਆਖਦੇ ਨੇ
"ਕਿਸੇ ਨੂੰ ਚਿੱਤ-ਚੇਤਾ ਫੁਰਿਆ
ਉੱਥੇ ਦੂਰ
ਲੋਕ-ਕਲਿਆਣ ਹਿਤ
ਤਪੱਸਿਆ ਕਰਦੇ ਰਹੇ
ਉਸਦੇ ਸਿਰਜਨਹਾਰ
ਮਿਲਣ-ਤਾਂਘ ਤਾਂਘੀ
ਉਹ
ਪੌੜੀ ਪੌੜੀ ਬਣਾਉਂਦਾ ਗਿਆ
ਸਿਖਰ ਚੜ੍ਹਦਾ ਗਿਆ।"

ਹੌਲੀ ਹੌਲੀ
ਸ਼ਰਧਾ ਜਾਗੀ
ਉੱਚੇ-ਸੁੱਚੇ ਪੂਜਾ-ਧਾਮ ਦੀਆਂ
ਪੁਰਾਣੀਆਂ, ਟੁੱਟੀਆਂ ਭੱਜੀਆਂ
ਕਾਈ-ਕਲਖਾਈਆਂ
ਪੌੜੀਆਂ
ਮੜ੍ਹੀਆਂ ਜਾਣ ਲੱਗੀਆਂ
ਸੰਗਮਰਮਰ, ਚਾਂਦੀ-ਸੋਨੇ ਨਾਲ
ਸਜ ਗਿਆ
ਤਪ-ਦਵਾਰ ਦਰਬਾਰ

ਇਕ ਦਿਨ
ਪਾਵਨ ਪੌੜੀਆਂ ਗਿਰਦ
ਪੈ ਗਈਆਂ
ਹਥਿਆਰਬੰਦ ਛਾਉਣੀਆਂ
ਜਿਹਨਾਂ 'ਤੇ ਝੁੱਲਦੇ
ਵੱਖ ਵੱਖ ਰੰਗਾਂ ਦੇ ਝੰਡੇ ਤੇ ਨਿਸ਼ਾਨ

ਤੇ
ਹਰ ਛਾਉਣੀ ਦਾ ਸਰਦਾਰ
ਕਹਿ ਰਿਹਾ ਸੀ
"ਮੈਂ ਹਾਂ ਪੀੜ੍ਹੀਆਂ ਤੋਂ
ਇਥੋਂ ਦਾ ਮੁੱਖ ਵਾਰਸ ਸੇਵਾਦਾਰ"

"ਸਾਡੇ ਪੁਰਖੇ
ਧੁੱਪ-ਮੀਂਹ-ਪਾਲਾ-ਝੱਖੜ
ਭੁੱਖਾਂ ਜਰ ਜਰ
ਸੁਗਮ-ਮਾਰਗ ਕੀਤੈ ਤਿਆਰ
ਤਰਕ, ਵਿਗਿਆਨ ਵੀ ਜਿਸ ਤੋਂ
ਮੰਨਣਹਾਰ
ਧੰਨ ਉਸਦੀ ਕੁਰਬਾਨੀ
ਧੰਨ ਮਨੁੱਖੀ ਪਿਆਰ,
ਮੇਰੀ ਵਿਰਾਸਤ ਹੈ
ਉਸਦਾ ਪ੍ਰਸ਼ਾਦ ਤੇ ਸਤਿਕਾਰ"

ਮੈਂ ਉਡੀਕੀ ਜਾਵਾਂ
ਪੌੜੀਆਂ ਘੜਣ ਵਾਲਾ
ਅਜੇ ਤੀਕ ਨਹੀਂ ਪਰਤਿਆ

ਸ਼ਾਇਦ!
ਕਿਸੇ ਹੋਰ ਉੱਚੇ ਪਹਾੜ 'ਤੇ
ਪੌੜੀਆਂ ਬਣਾ ਰਿਹਾ ਹੋਵੇ।
****

## ਬਣਨਾ ਸੂਰਜ ਦਾ

ਉਹ
ਰਾਤ ਦੇ ਘੁਸਮੁਸੇ 'ਚ
ਜੁਗਨੂੰਆਂ ਦੀ ਲੋਅ 'ਚ
ਮੈਨੂੰ ਮਿਲਿਆ

ਮਿਲਿਆ ਤੇ ਕਿਹਾ,
'ਮੈਂ
ਦਰਿਆਵਾਂ, ਹਵਾਵਾਂ, ਬਲਾਵਾਂ
ਖਿਲਾਫ਼ ਲੜਣ ਤੁਰਿਆਂ,
ਮੇਰੇ ਲਈ
ਦੁਆ ਮੰਗੀਂ।'

ਮੈਂ ਕਿਹਾ
ਮੈਂ ਕਦੇ ਦੁਆ ਨਹੀਂ ਮੰਗਦਾ।

ਉਹ ਗੰਭੀਰ ਹੋਇਆ ਤੇ ਕਿਹਾ,
'ਫੇਰ ਬਦਦੁਆ ਦੇਵੀਂ।'

ਮੈਂ ਕਿਹਾ
ਮੈਂ ਬਦਦੁਆ ਨਹੀਂ ਦੇਂਦਾ।

ਉਹ ਹੈਰਾਨ ਹੋ ਕੇ ਬੋਲਿਆ
'ਤੂੰ, ਮੇਰਾ ਕੌਣ ਹੈਂ ?'

ਮੈਂ ਕਿਹਾ
ਸਿਆਣਦਾ ਨਹੀਂ
ਕਿਤੇ ਮੈਂ ਤੂੰ
ਤੂੰ ਮੈਂ ਤੇ ਨਹੀਂ ?

ਤੇ ਲੜਾਈ ਵਿੱਚ
ਦੁਆ ਬਦਦੁਆ ਨਹੀਂ
ਹਥਿਆਰ ਤੇ ਹੁਨਰ ਲੜਦੇ ਨੇ,
ਸਾਥੀਆਂ ਦਾ ਭਰੋਸਾ ਲੜਦੈ
ਵਿਸ਼ਵਾਸ ਜਿੱਤਦਾ ਹੈ।

ਸ਼ਾਇਦ
ਉਹ ਪਛਾਣ, ਜਾਣ ਗਿਆ ਸੀ

ਤੇ ਮੈਂ ਵੇਖਿਆ,

ਉਹ
ਜੁਗਨੂੰਆਂ ਦੀ ਲੋਅ 'ਚੋਂ ਨਿਕਲਕੇ

ਸਵੇਰ ਦਾ ਸੂਰਜ
ਬਣਨ ਜਾ ਰਿਹਾ ਸੀ।
****

## ਜਾਗ ਜਵਾਲਾਮੁਖੀ

ਕਦੋਂ
ਜਾਗੇਂਗਾ
ਜਵਾਲਾਮੁਖੀ ?

ਚਿਰਾਂ ਤੋਂ ਸ਼ਾਂਤ ਸੁੱਤੇ
ਨਿਰਲੇਪ ਜਵਾਲਾਮੁਖੀ
ਜਾਗ

ਆਪਣੀ ਸਾਰੀ ਊਰਜਾ
ਅੰਦਰ ਖੌਲਦੇ ਵੇਗ ਨਾਲ
ਜਾਗ
ਦੂਰ ਦੂਰ ਵਹਿ ਜਾ ਵਿਛ ਜਾ
ਸਾਰੀ ਦੀ ਸਾਰੀ
ਬੰਜਰ ਰਕੜ-ਬੀਹੜ ਧਰਾ ਉੱਤੇ

ਤੂੰ ਜਾਗ
ਵਿਨਾਸ਼ ਲਈ ਨਹੀਂ
ਵਿਕਾਸ ਲਈ ਜਾਗ

ਤੂੰ ਜਾਗੇਂ ਤਾਂ
ਨਵੇਂ ਸੋਮੇ ਫੁੱਟਣ
ਭੌਂਅ ਹੋਏ ਜਰਖੇਜ
ਵਣ ਤ੍ਰਿਣ ਸਾਰਾ ਹੱਸੇ ਮੌਲੇ
ਸਰਦ ਪੌਣਾਂ ਗਰਮਾਣ

ਜਾਗ
ਕਿਸੇ ਸਮੁੰਦਰ ਦੇ
ਪਤਾਲਾਂ ਵਿੱਚੋਂ ਜਾਗ

ਕਿਸੇ ਪਰਬਤ ਦੇ
ਮੁਹਾਨੇ ਵਿੱਚੋਂ ਜਾਗ
ਕਿਸੇ ਮਾਰੂਥਲ ਦੇ
ਵਾਵਰੋਲੇ ਵਿੱਚੋਂ ਜਾਗ
ਕਿਸੇ ਸ਼ਾਇਰ ਦੇ
ਰੁਦਨ ਵਿੱਚੋਂ ਜਾਗ
ਕਿਸੇ ਫਾਂਸੀ ਦੇ
ਤਖ਼ਤੇ ਵਿੱਚੋਂ ਜਾਗ
ਕਿਸੇ ਹਲ ਦੀ
ਜੰਘੀ ਵਿੱਚੋਂ ਜਾਗ

ਜਾਗ
ਕਣ ਕਣ ਵਿੱਚੋਂ ਜਾਗ
ਮਨ ਮਨ ਵਿੱਚੋਂ ਜਾਗ

ਫੇਰ ਕੀ ਜਾਗੇਂਗਾ
ਜਾਗਣਹਾਰੇ ?
ਜਦੋਂ
ਤੇਰਾ ਵੀ ਲਾਵਾ
ਹੋ ਜਾਵੇਗਾ ਯਖ਼ਰਾਖ।

ਕਦੋਂ ਜਾਗੇਂਗਾ
ਜਵਾਲਾਮੁਖੀ ?
****

## ਜੀਵਨ-ਤੋਰ

ਜਦੋਂ ਵੀ ਵਾਪਰਦੈ,
ਕਿਤੇ,
ਅਣਸੁਖਾਵਾਂ ਜਿਹਾ,

ਕੁਝ ਪਲਾਂ ਲਈ ਆਉਣ
ਮਾਤਮ ਮਨਾਉਣ
ਆਪਣੇ ਲੋਕ

ਆਪਣੇ ਦੁਖ-ਸੁਖ ਫੋਲਕੇ
ਜੱਗ ਦੇ ਕਿੱਸੇ ਸੁਣਾਉਂਦੇ
ਤੇ ਤੁਰ ਜਾਂਦੇ
ਦੇਕੇ ਦੋ ਕੁ ਦਲੀਲਾਂ
ਨਿਚਿੰਤ

ਜਿਉਂ
ਸਮੇਂ ਦੀ ਪੈਰ-ਤਲੀ 'ਚੋਂ
ਕੱਢ ਗਏ ਹੋਵਣ
ਚੁੱਭੀ ਸੂਲ

ਸਮਾਂ ਫੇਰ
ਤੁਰਨ ਲਗਦੈ ਆਪਣੀ ਤੋਰ
ਤੇ ਰੁੱਝ ਜਾਵੇ ਹਰ ਕੋਈ
ਆਪਣੇ ਕਾਰ-ਵਿਹਾਰ

ਬੰਦਾ
ਫੇਰ ਫੇਰ
ਮਾਰ-ਮੁੰਡਾਸਾ
ਚੁੱਕਣ ਲੱਗਦੈ
ਅਸਾਵਾਂ ਬੋਝ।
****

## ਮਿਲੇਂ ਤਾਂ ਦੱਸੀਂ!

ਜਦੋਂ ਵੀ ਗੱਲ ਤੁਰੀ
ਤੇਰੇ ਤੋਂ ਸ਼ੁਰੂ ਹੋ ਕੇ
ਕਰਾਂਤੀ ਤੀਕ ਅਪੱੜੀ

ਮਿਲ ਹੀ ਜਾਵਾਂਗੇ
ਕਦੇ
ਜਿੱਤ ਹੀ ਜਾਵਾਂਗੇ
ਬਿਨਾ ਸ਼ੱਕ

ਤੇਰਾ ਮਿਲਣਾ
ਕਰਾਂਤੀ ਹੋਣਾ
ਰਿਹਾ
ਜਾਗਦੀਆਂ ਅੱਖੀਆਂ 'ਚ
ਸੁਪਨਾ ਸੰਜੋਣ ਵਰਗਾ

ਕਿਸੇ ਕਿਹਾ,
"ਨਹੀਂ ਹੁੰਦੀ ਸੁਪਨੇ ਦੀ ਔਧ,
ਨਾ ਸਾਕਾਰ ਹੋਂਦ,"

ਮੈਂ ਕਿਹਾ
ਮਨੁੱਖ ਦੀ ਉਮਰ ਜਿੰਨੀ ਹੈ
ਉਸਦੀ ਔਧ
ਤੇ ਨਿਤ
ਸਮੇਂ ਦੇ ਚੱਕ 'ਤੇ ਵੇਖਦਾਂ
ਲਹੂ-ਮਿੱਟੀ ਦੀ ਬਣਦੀ
ਸਾਕਾਰ ਹੋਂਦ।

ਕਿਸੇ ਸੰਧੂਰੀ ਪਰਭਾਤੇ
ਤੂੰ ਮਿਲੇਂ
ਤਾਂ ਦੱਸੀਂ
ਮੈਂ ਸੱਚ ਕਿਹਾ ਸੀ ਨਾ !
****

## ਖ਼ਤ

ਅੱਛਾ ਭਈ ਮਿੱਤਰੋ!
ਧੰਨਵਾਦ ਤੁਹਾਡਾ
ਜੋ
ਅਜੇ ਵੀ ਲਿਖ ਦੇਂਦੇ ਹੋ
ਕਦੇ ਕਦੇ ਖ਼ਤ।

ਖ਼ਤ
ਜੋ ਕਰ ਦੇਂਦੇ ਨੇ
ਮੇਰੇ ਅੰਦਰ ਭਾਵ-ਪ੍ਰਾਣਾਂ ਦਾ ਸੰਚਾਰ
ਤੇ
ਫੇਰ ਤੋਂ ਮਘਣ ਲੱਗਦੀ ਹੈ
ਠਰਦੀ ਬੁਝਦੀ ਚਿਣਗ।

ਚਿਣਗ,
ਜੋ ਅਸੀਂ ਰੱਖਕੇ
ਹੱਥਾਂ, ਮੱਥਿਆਂ ਤੇ ਦਿਲਾਂ ਅੰਦਰ
ਕੀਤਾ ਸੀ ਅਹਿਦ
ਮਘਾਵਾਂਗੇ ਇਸਨੂੰ
ਹਰ ਉਸ ਥਾਂ
ਜਿੱਥੇ ਕਿਤੇ ਵੀ ਹੋਵੇਗਾ
ਸੀਤ ਦਾ ਸਾਮਰਾਜ

ਤਾਂ ਜੋ
ਹਰ ਇਕ ਦੇ ਹਿੱਸੇ 'ਚ ਆਏ
ਕੁਦਰਤ ਦੇ ਰੰਗਾਂ ਦੀ
ਵਰ੍ਹਦੀ ਫ਼ੁਹਾਰ

ਪਰ ਸੀਤ ਦਾ ਘੁਸਮੁਸਾ
ਤਾਂ
ਜੰਮ ਗਿਐ ਸਾਡੀਆਂ ਰੰਗਾਂ ਅੰਦਰ

ਤੇ ਧੁੰਦ ਦਾ ਧੁੰਦਲਕਾ
ਲੱਗ ਰਿਹੈ ਸਾਨੂੰ
ਅਟੁੱਟ ਪੱਥਰੀ ਦੀਵਾਰ

ਹੁਣ ਤੇ ਕਿਵੇਂ
ਏਸੇ ਦੀ ਹਿੱਕ 'ਚ ਖੁਣੀਏਂ
ਆਲਾ ਜਾਂ ਮਘੋਰਾ
ਜਿਸ 'ਚ ਹੋ ਸਕੇ ਵਿਸਫ਼ੋਟ
ਤੇ ਢਹਿ ਢੇਰੀ ਹੋ ਜਾਏ
ਇਸ ਤਲਿੱਸਮ ਦਾ ਵਯੂਹ-ਜਾਲ

ਮੈਂ ਜੋ ਵਾਹ ਰਿਹਾਂ ਸ਼ਬਦ
ਕੰਬਦੇ ਹੱਥਾਂ ਦੇ ਨਾਲ
ਹੁਣ ਤੀਕ ਤੁਹਾਡੇ ਖ਼ਤਾਂ ਨੇ
ਰੱਖੇ ਨੇ ਸੰਭਾਲ
ਤੇ ਲੱਗ ਰਿਹੈ
ਵਹਿੰਦੇ ਅੱਖਰਾਂ ਦੀ ਤਰ੍ਹਾਂ
ਤੁਰ ਰਹੇ ਹੋ ਨਾਲ ਨਾਲ

ਚੁਫੇਰੇ ਤੋਂ ਸੁਣਦਾ ਪਿਆ ਹਾਂ
ਬਘਿਆੜਾਂ ਲੂੰਬੜਾਂ ਦੀ ਆਵਾਜ਼
ਸਿਰ 'ਤੇ
ਕਾਲ ਬਣਕੇ ਉੱਡਦੇ ਪਏ ਨੇ
ਮੌਕਾਤਾੜ ਖ਼ੂਨੀ ਬਾਜ਼

ਇਹਨਾਂ ਤੋਂ
ਕਦੇ ਅਸੀਂ ਹਾਰੇ ਨਹੀਂ।
ਇਹਨਾਂ ਤੋਂ
ਅਸੀਂ ਕਦੇ ਹਾਰਨਾ ਨਹੀਂ!!

ਮਿੱਤਰੋ !
ਲਿਖਦੇ ਰਿਹੋ
ਕਦੇ ਕਦੇ ਖ਼ਤ।
****